# ਦਾਯੂ ਤਾਗ

# ਪਵਿੱਤਰ ਆਤਮਾ ਦੇ ਤਿੰਨ ਪ੍ਰਦਰਸ਼ਨ

ਪਿਤਾ ਅਤੇ ਪੁੱਤਰ ਨਾਲ ਪਵਿੱਤਰ ਆਤਮਾ ਵੀ ਖ਼ੁਦਾਈ ਵਿਚ ਇਕ ਹੈ (ਕੁਲੁੱਸੀਆਂ 2:9)। ਉਹ ਇਕ ਖ਼ੁਦਾਈ, ਰੂਹਾਨੀ ਸ਼ਖ਼ਸੀਅਤ ਹੈ। ਉਹ ''ਸ਼ਕਤੀ ਦਾ ਪ੍ਰਦਰਸ਼ਨ'' ਹੀ ਨਹੀਂ ਹੈ।

ਪਵਿੱਤਰ ਆਤਮਾ ਦਾ ਕੰਮ ਭਾਵੇਂ ਪੂਰੀ ਬਾਈਬਲ ਵਿਚ ਹੀ ਮਿਲਦਾ ਹੈ, ਪਰ ਪੁਰਾਣੇ ਨੇਮ ਵਿਚ ''ਤ੍ਰਿਏਕਤਾ'' ਜਾਂ ਤਸਲੀਸ ਦੀ ਪਰਿਭਾਸ਼ਾ ਓਨੀ ਸਾਫ਼ ਨਹੀਂ ਹੈ ਜਿੰਨੀ ਨਵੇਂ ਨੇਮ ਵਿਚ। ਇਸ ਸੰਖੇਪ ਅਧਿਐਨ ਵਿਚ ਅਸੀਂ ਧਿਆਨ ਦੇਣਾ ਚਾਹੁੰਦੇ ਹਾਂ ਕਿ ਪਵਿੱਤਰ ਆਤਮਾ ਨੇ ਨਵੇਂ ਨੇਮ ਵਿਚ ਵੱਖੋ ਵੱਖ ਲੋਕਾਂ ਨੂੰ ਕਿਵੇਂ ਸ਼ਕਤੀ ਦਿੱਤੀ।

ਇਕ ਕੁਆਰੀ ਤੋਂ ਯਿਸੂ ਦੇ ਜਨਮ (ਮੱਤੀ 1:20), ਉਹਦੇ ਬਪਤਿਸਮੇ (ਮੱਤੀ 3:16), ਉਹਦੀ ਅਜ਼ਮਾਇਸ਼ (ਮੱਤੀ 4:1), ਉਹਦੀ ਨਿੱਜੀ ਸੇਵਕਾਈ (ਲੂਕਾ 4:14; ਮੱਤੀ 12:28), ਉਹਦੀ ਮੌਤ (ਇਬਰਾਨੀਆਂ 9:14) ਅਤੇ ਹੋਰ ਗੱਲਾਂ ਬਾਰੇ ਪਵਿੱਤਰ ਆਤਮਾ ਦੇ ਨਾਲ ਉਹਦੇ ਸਬੰਧ ਬਾਰੇ ਅਤੇ ਹੋਰ ਕਈ ਗੱਲਾਂ ਤੇ ਕਾਫ਼ੀ ਸਮਾਂ ਲਾ ਸਕਦੇ ਹਾਂ। ਯਿਸੂ ਕੋਲ *ਅਸੀਮਤ* ਸਮਰੱਥਾ ਸੀ, ਅਤੇ ਉਹਨੇ ਆਪਣੀਆਂ ਸ਼ਕਤੀਆਂ ਵਿੱਚੋਂ ਕੁਝ ਹੋਰਨਾਂ ਨੂੰ ਵੰਡਿਆ (ਮੱਤੀ 10:1)। ਪਰ ਸਾਡੀ ਖ਼ਾਸ ਦਿਲਚਸਪੀ ਯਿਸੂ ਦੀ ਮੌਤ, ਦਫ਼ਨਾਏ ਜਾਣ ਅਤੇ ਜੀ ਉੱਠਣ ਦੇ ਬਾਅਦ ਮਸੀਹੀ ਯੁੱਗ ਵਿਚ ਪਵਿੱਤਰ ਆਤਮਾ ਦੇ ਕੰਮ ਵਿਚ ਹੋਵੇਗੀ।

ਯਿਸੂ ਨੇ ਵਾਅਦਾ ਕੀਤਾ ਕਿ ਆਪਣੇ ਜਾਣ ਦੇ ਬਾਅਦ, ਉਹ ਪਵਿੱਤਰ ਆਤਮਾ ਨੂੰ ਭੇਜੇਗਾ (ਯੂਹੰਨਾ 14:16, 17, 23; ਤੁਲਨਾ 15:26; 16:13)। ਇਹ ਧਿਆਨ ਰੱਖਦਿਆਂ ਕਿ ਯਿਸੂ ਦੀ ਸ਼ਕਤੀ *ਅਸੀਮਤ* ਸੀ ਅਤੇ ਮਨੁੱਖ ਦੀ *ਸੀਮਤ,* ਅਸੀਂ ਇਸ ਵਾਅਦੇ ਦੇ ਪੂਰਾ ਹੋਣ ਦੀ ਸਮੀਖਿਆ ਕਰਨਾ ਚਾਹੁੰਦੇ ਹਾਂ।

## ਪ੍ਰਦਰਸ਼ਨ

**ਪਵਿੱਤਰ ਆਤਮਾ ਦਾ ਬਪਤਿਸਮਾ**

ਪਵਿੱਤਰ ਆਤਮਾ ਦੇ ਹਰ ਪ੍ਰਦਰਸ਼ਨ ਬਾਰੇ ਅਸੀਂ ''ਕੌਣ?''; ''ਕਿਵੇਂ?''; ''ਕੀ?''; ਅਤੇ ''ਕਿਉਂ?'' ਦੇ ਚਾਰ ਸਵਾਲਾਂ ਦੇ ਜਵਾਬ ਦੇਣਾ ਚਾਹੁੰਦੇ ਹਾਂ।

(1) ਇਸ ਪ੍ਰਦਰਸ਼ਨ ਨੂੰ ਪਾਉਣ ਵਾਲਾ *ਕੌਣ* ਸੀ? ਪਵਿੱਤਰ ਆਤਮਾ ਦਾ ਬਪਤਿਸਮਾ ਪਹਿਲਾਂ ਯਿਸੂ ਦੇ *ਰਸੂਲਾਂ* ਨੂੰ ਮਿਲਿਆ। ਯੂਹੰਨਾ ਬਪਤਸਿਮਾ ਦੇਣ ਵਾਲੇ ਨੇ ਇਸ ਘਟਨਾ ਦੀ ਪਹਿਲਾਂ ਤੋਂ ਜਾਣਕਾਰੀ ਦੇ ਦਿੱਤੀ ਸੀ (ਮੱਤੀ 3:11, 12)। ਹੋਰ ਵਾਅਦਿਆਂ ਨਾਲ ਯਿਸੂ ਨੇ ਯੂਹੰਨਾ ਦੀ ਗੱਲ ਪੂਰੀ ਕੀਤੀ (ਲੂਕਾ 24:46-49; ਰਸੂਲਾਂ ਦੇ ਕੰਮ 1:4, 5, 8)। ਰਸੂਲਾਂ ਦੇ ਕੰਮ 2 ਅਧਿਆਇ ਵਿਚ ਪਵਿੱਤਰ ਆਤਮਾ (2:1-4) ਰਸੂਲਾਂ ਉੱਤੇ ਉੱਤਰਿਆ (1:26-

2:1), ਜੋ ਕਿ ਭਵਿੱਖਬਾਣੀ ਦਾ ਪੂਰਾ ਹੋਣਾ ਸੀ (2:16, 17)। ਇਹ ਭਵਿੱਖਬਾਣੀ ਦਾ ਸ਼ੁਰੂਆਤੀ ਰੂਪ ਵਿਚ ਪੂਰਾ ਹੋਣਾ ਸੀ, ਪਰ ਰਸੂਲਾਂ ਦੇ ਕੰਮ 2 ਅਧਿਆਇ ਵਿਚ ਪਵਿੱਤਰ ਆਤਮਾ ਦਾ ਬਪਤਿਸਮਾ ਸਿਰਫ਼ *ਯਹੂਦੀਆਂ* ਨੂੰ ਹੀ ਮਿਲਿਆ ਸੀ। ਬਾਅਦ ਵਿਚ ਪਵਿੱਤਰ ਆਤਮਾ *ਗੈਰ ਕੌਮਾਂ* ਦੇ ਨੁਮਾਇੰਦੇ ਭਾਵ ਕੁਰਨੇਲਿਉਸ ਅਤੇ ਉਹਦੇ ਘਰਾਣੇ ਨੂੰ ਮਿਲਿਆ (10:44-48)। ਪਤਰਸ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਉਵੇਂ ਹੀ ਸੀ ਜਿਵੇਂ ਰਸੂਲਾਂ ਦੇ ਕੰਮ 2 ਅਧਿਆਇ ਵਿਚ ਹੋਇਆ ਸੀ (11;15-17)।

(2) ਇਹ ਪ੍ਰਦਰਸ਼ਨ *ਕਿਵੇਂ* ਦਿੱਤਾ ਗਿਆ? ਇਹ *ਸਿੱਧੇ ਖ਼ੁਦਾ ਵੱਲੋਂ* ਆਇਆ।

(3) ਇਸ ਪ੍ਰਦਰਸ਼ਨ ਵਿਚ *ਕੀ* ਸੀ? ਰਸੂਲਾਂ ਨੂੰ *ਅਚੰਭੇ ਕੰਮ ਕਰਨ ਦੀ ਸ਼ਕਤੀ* ਦਿੱਤੀ ਗਈ ਸੀ। ਅਚੰਭੇ ਕੰਮ ਕਰਨ ਦੀ ਸ਼ਕਤੀ ਮਨੁੱਖਾਂ ਨੂੰ ਦਿੱਤੇ ਜਾਣ ਦਾ ਇਹ ਹੁਣ ਤਕ ਦਾ ਸਭ ਤੋਂ ਵੱਡਾ ਮੁਜ਼ਾਹਰਾ ਸੀ। (ਕੁਰਨੇਲਿਉਸ ਅਤੇ ਉਹਦੇ ਘਰਾਣੇ ਨੂੰ ਵੀ ਬੋਲੀਆਂ ਬੋਲਣ ਦੀ ਚਮਤਕਾਰੀ ਯੋਗਤਾ ਦਿੱਤੀ ਗਈ ਸੀ, ਸਾਨੂੰ ਕੁਰਨੇਲਿਉਸ ਅਤੇ ਉਹਦੇ ਘਰਾਣੇ ਉੱਤੇ ਪਵਿੱਤਰ ਆਤਮਾ ਦੇ ਵਹਾਏ ਜਾਣ ਦੀ ਕੋਈ ਹੋਰ ਜਾਣਕਾਰੀ ਨਹੀਂ ਹੈ।)

(4) ਇਹ ਪ੍ਰਦਰਸ਼ਨ *ਕਿਉਂ* ਦਿੱਤਾ ਗਿਆ? ਇਸ ਵਿਚ ਸ਼ਾਮਲ ਲੋਕਾਂ ਨੂੰ ਪਵਿੱਤਰ ਆਤਮਾ ਦੇ ਬਪਤਿਸਮੇ ਨਾਲ *ਮੁਕਤੀ* ਨਹੀਂ ਮਿਲੀ ਸੀ (ਰਸੂਲਾਂ ਦੇ ਕੰਮ 11:14, 15), ਨਾ ਹੀ ਇਸ ਨਾਲ ਉਹ ਪਾਪ ਰਹਿਤ ਹੋਏ ਸਨ (ਗਲਾਤੀਆਂ 2:11-14)। ਸਭ ਚਮਤਕਾਰੀ ਪ੍ਰਦਰਸ਼ਨਾਂ ਵਾਂਗ ਹੀ, ਪਵਿੱਤਰ ਆਤਮਾ ਦੇ ਬਪਤਿਸਮੇ ਨਾਲ ਪ੍ਰਮੇਸ਼ਵਰ ਦੀ ਪ੍ਰੇਰਣਾ ਪਾਏ ਹੋਏ ਪ੍ਰਚਾਰਕਾਂ ਦਾ ਸੰਦੇਸ਼ ਪੁਖ਼ਤਾ ਹੋਇਆ (ਮਰਕੁਸ 16:20; ਇਬਰਾਨੀਆਂ 2:4)। ਪਵਿੱਤਰ ਆਤਮਾ ਦੇ ਬਪਤਿਸਮੇ ਨਾਲ ਇਕ ਹੋਰ ਮਕਸਦ ਪੂਰਾ ਹੋਇਆ, ਇਸ ਨੇ *ਅਗਲੀ ਕਾਰਵਾਹੀ ਦਾ ਰਾਹ ਸਾਫ਼ ਕਰ ਦਿੱਤਾ*। ਰਸੂਲਾਂ ਦੇ ਕੰਮ 2 ਅਧਿਆਇ ਵਿਚ ਪਵਿੱਤਰ ਆਤਮਾ ਦੇ ਬਪਤਿਸਮੇ ਨੇ ਰਸੂਲਾਂ ਨੂੰ ਖੁਸ਼ਖ਼ਬਰੀ ਦੇ ਪ੍ਰਚਾਰ ਲਈ ਅੱਗੇ ਵਧਣ ਦਾ ਸੰਕੇਤ ਦਿੱਤਾ (ਲੂਕਾ 24:46-49); ਰਸੂਲਾਂ ਦੇ ਕੰਮ 10 ਅਤੇ 11 ਵਿਚ ਇਸ ਨੇ ਗੈਰ ਕੌਮਾਂ ਵਿਚ ਪ੍ਰਚਾਰ ਕਰਨ ਦਾ ਰਾਹ ਖੋਲ੍ਹਿਆ। (ਇਸ ਨੇ ਉਨ੍ਹਾਂ ਨੂੰ ਵੀ *ਯੋਗ ਠਹਿਰਾਇਆ* ਜਿਨ੍ਹਾਂ ਨੂੰ ਇਹ ਕੰਮ ਕਰਨ ਲਈ ਮਿਲਿਆ ਸੀ ਜੋ ਖ਼ੁਦਾ ਉਨ੍ਹਾਂ ਤੋਂ ਕਰਵਾਉਣਾ ਚਾਹੁੰਦਾ ਸੀ।) ਇਹ ਨਵੇਂ ਨੇਮ ਦੇ ਸਮੇਂ ਵਿਚ ਰੋਜ਼ ਹੋਣ ਵਾਲੀ ਘਟਨਾ *ਨਹੀਂ* ਸੀ (ਰਸੂਲਾਂ ਦੇ ਕੰਮ 11:15) ਕਿਉਂਕਿ ਦੋ ਹੀ ਘਟਨਾਵਾਂ ਦਰਜ ਕੀਤੀਆਂ ਗਈਆਂ ਹਨ।

### ''ਹੱਥ ਰੱਖਣ ਦਾ'' ਪ੍ਰਦਰਸ਼ਨ

''ਹੱਥ ਰੱਖਣ ਦਾ'' ਪ੍ਰਦਰਸ਼ਨ ਪਵਿੱਤਰ ਆਤਮਾ ਦੇ ਬਪਤਿਸਮੇ ਨਾਲੋਂ ਫ਼ਰਕ ਹੈ। ਇਹ ਰਸੂਲਾਂ ਦੇ ਹੱਥ ਨਾਲ ਰੱਖਣ ਨਾਲ ਮਿਲਦਾ ਸੀ, ਜਦ ਕਿ ਪਵਿੱਤਰ ਆਤਮਾ ਦਾ ਬਪਤਿਸਮਾ ਸਿੱਧੇ ਖ਼ੁਦਾ ਵੱਲੋਂ ਮਿਲਦਾ ਸੀ, ਨਾ ਕਿ ਕਿਸੇ ਮਨੁੱਖ ਵੱਲੋਂ।

ਕਲੀਸੀਆ ਦੇ ਸ਼ੁਰੂਆਤੀ ਦਿਨਾਂ ਵਿਚ, ਸਿਰਫ਼ ਰਸੂਲ ਹੀ ਮੋਅਜਜ਼ੇ ਕਰਨ ਵਾਲੇ ਮੰਨੇ ਜਾਂਦੇ ਸਨ (ਰਸੂਲਾਂ ਦੇ ਕੰਮ 2:43; 3:4-8; 5:12)। ਪਰ ਬਾਅਦ ਵਿਚ ਖ਼ਾਸ ਕੰਮਾਂ ਲਈ ਪੁਰਖਾਂ ਦੀ ਚੋਣ ਕੀਤੀ ਗਈ, ਅਤੇ ਰਸੂਲਾਂ ਨੇ ਉਨ੍ਹਾਂ ਉੱਤੇ ਹੱਥ ਰੱਖੇ। ਉਹ ਜਿਨ੍ਹਾਂ ਉੱਤੇ ਹੱਥ ਰੱਖੇ ਗਏ ਸਨ, ਮੋਅਜਜ਼ੇ ਤਾਂ ਕਰ ਸਕਦੇ ਸਨ (ਰਸੂਲਾਂ ਦੇ ਕੰਮ 6:6, 8; 8:6; ਤੁਲਨਾ 19:6), ਪਰ ਇਸ ਦਾਨ ਨੂੰ ਦੂਜਿਆਂ ਉੱਤੇ ਹੱਥ ਰੱਖ ਕੇ ਅੱਗੇ ਨਹੀਂ ਦੇ ਸਕਦੇ ਸਨ (8:14-17)।

ਪਵਿੱਤਰ ਆਤਮਾ ਦੇ ਬਪਤਿਸਮੇ ਨਾਲ ਰਸੂਲਾਂ ਨੂੰ ਕਾਫ਼ੀ ਦਾਨ ਮਿਲੇ ਸਨ, ਪਰ ਜਿਨ੍ਹਾਂ

ਉੱਤੇ ਰਸੂਲਾਂ ਨੇ ਹੱਥ ਰੱਖੇ ਸਨ, ਉਨ੍ਹਾਂ ਨੂੰ ਉਨ੍ਹਾਂ ਨਾਲੋਂ ਹੋਰ ਸੀਮਤ ਦਾਨ ਦਿੱਤੇ ਗਏ (ਤੁਲਨਾ 1 ਕੁਰਿੰਥੀਆਂ 12:8-10)।

(1) ਫਿਰ, ਇਸ ਪ੍ਰਦਰਸ਼ਨ ਨੂੰ ਪਾਉਣ ਵਾਲਾ *ਕੌਣ* ਸੀ? *ਕੁਝ ਮਸੀਹੀ* ਖ਼ਾਸ ਕਰਕੇ ਜਿਨ੍ਹਾਂ ਉੱਤੇ ਰਸੂਲਾਂ ਨੇ ਹੱਥ ਰੱਖੇ।

(2) ਇਹ ਪ੍ਰਦਰਸ਼ਨ *ਕਿਵੇਂ* ਦਿੱਤਾ ਗਿਆ? *ਰਸੂਲਾਂ ਦੇ ਹੱਥ ਰੱਖਣ ਰਾਹੀਂ।*

(3) ਇਸ ਪ੍ਰਦਰਸ਼ਨ ਵਿਚ *ਕੀ* ਸੀ? ਇਸ ਪ੍ਰਦਰਸ਼ਨ ਵਿਚ *ਮੋਅਜਜ਼ੇ ਕਰਨ ਦੀ ਸ਼ਕਤੀ* ਵੀ ਸੀ, ਪਰ ਇਹਦਾ ਮਕਸਦ *ਸੀਮਤ* ਸੀ।

(4) ਮੋਅਜਜ਼ੇ ਕਰਨ ਲਈ ਇਹ ਖ਼ਾਸ ਸ਼ਕਤੀ *ਕਿਉਂ* ਦਿੱਤੀ ਗਈ? ਇਹ ਨਵੇਂ ਨੇਮ ਦੇ ਪੂਰਾ ਹੋਣ ਦੇ ''ਫ਼ਾਸਲੇ ਨੂੰ ਭਰਨ ਲਈ'' ਦਿੱਤੀ ਗਈ। ਨਵੇਂ ਨੇਮ ਦਾ ਵਜੂਦ, ਜਿਸ ਰੂਪ ਵਿਚ ਸਾਨੂੰ ਪਤਾ ਹੈ, ਉਦੋਂ ਨਹੀਂ ਸੀ। ਕਲੀਸੀਆ ਦੇ ਕਾਇਮ ਹੋਣ ਦੇ ਵੀਹ ਸਾਲ ਬਾਅਦ ਨਵੇਂ ਨਮੇ ਦੀ ਸਾਡੀ ਕਿਤਾਬ ਲਿਖੀ ਜਾਣੀ ਸ਼ੁਰੂ ਹੋਈ ਅਤੇ ਉਹਦੇ ਸੱਠ ਸਾਲ ਤਕ ਇਹ ਪੂਰੀ ਨਹੀਂ ਹੋਈ ਸੀ। ਆਤਮਾ ਦੀ ਪ੍ਰੇਰਣਾ ਨਾਲ ਰਸੂਲ ਇੱਕੋ ਸਮੇਂ ਵਿਚ ਹਰ ਥਾਂ ਸਿੱਖਿਆ ਨਹੀਂ ਦੇ ਸਕਦੇ ਸਨ। ਰਸੂਲਾਂ ਦੀ ਗੈਰ ਹਾਜ਼ਰੀ ਵਿਚ, ਹੋਰ ਲੋਕਾਂ ਨੂੰ ਖ਼ਾਸ ਦਾਨ ਦੇਣੇ ਜ਼ਰੂਰੀ ਸਨ। ਇਨ੍ਹਾਂ ਵਿੱਚੋਂ ਕੁਝ ਦਾਨਾਂ ਨਾਲ ਉਨ੍ਹਾਂ ਨੂੰ ਖ਼ੁਦਾ ਦੀ ਸਿੱਖਿਆ ਮਿਲੀ ਜਦ ਕਿ ਹੋਰ ਦਾਨਾਂ ਨਾਲ ਇਸ ਸਿੱਖਿਆ ਦੀ ਪੈਰਵੀ ਹੋਈ (ਇਬਰਾਨੀਆਂ 2:3, 4)। ਸ਼ੁਰੂਆਤੀ ਕਲੀਸੀਆ ਨਾਲ ਇਨ੍ਹਾਂ ਦਾਨਾਂ ਦਾ ਉਹੀ ਸਬੰਧ ਸੀ, ਜੋ ਅੱਜ ਦੀ ਕਲੀਸੀਆ ਦਾ ਨਵੇਂ ਨੇਮ ਨਾਲ ਹੈ।

### ਪਵਿੱਤਰ ਆਤਮਾ ਦਾ ਵਾਸ

ਆਓ ਪਹਿਲਾਂ ਦੱਸੇ ਗਹੇ ਦੋ ਪ੍ਰਦਰਸ਼ਨਾ ਦੀ ਆਤਮਾ ਦੇ ਵਾਸ ਨਾਲ ਤੁਲਨਾ ਕਰਨ ਲਈ ਸੰਖੇਪ ਸਮੀਖਿਆ ਕਰਦੇ ਹਾਂ:

(1) ਇਹ ਪ੍ਰਦਰਸ਼ਨ *ਕਿਸ ਨੂੰ* ਮਿਲਿਆ। ਇਹ *ਹਰ ਮਸੀਹੀ* ਲਈ ਸੀ (ਰਸੂਲਾਂ ਦੇ ਕੰਮ 2:38; 5:32)।

(2) ਇਹ ਪ੍ਰਦਰਸ਼ਨ *ਕਿਵੇਂ* ਦਿੱਤਾ ਗਿਆ ਸੀ? ਇਹ ਉਦੋਂ ਮਿਲਿਆ *ਜਦ ਮਸੀਹੀ ਲੋਕਾਂ ਨੇ ਪਾਣੀ ਵਿਚ (ਡੁਬਕੀ ਦਾ) ਬਪਤਿਸਮਾ ਲਿਆ ਸੀ* (ਰਸੂਲਾਂ ਦੇ ਕੰਮ 2:38)।

(3) ਇਹ ਪ੍ਰਦਰਸ਼ਨ *ਕੀ* ਸੀ? ਇਹ ਹੋਰ ਦੋ ਪ੍ਰਦਰਸ਼ਨਾਂ ਵਾਂਗ *ਚਮਤਕਾਰੀ* ਨਹੀਂ ਸੀ, ਸਗੋਂ ਇਹ ਖ਼ੁਦਾ ਦੇ *ਇੰਤਜ਼ਾਮ* ਦਾ ਹੀ ਇੱਕ ਹਿੱਸਾ ਸੀ (ਵੇਖੋ ਰੋਮੀਆਂ 8:28)।

(4) ਇਹ ਪ੍ਰਦਰਸ਼ਨ *ਕਿਉਂ* ਦਿੱਤਾ ਗਿਆ ਸੀ? ਇਹ ਲੋਕਾਂ ਨੂੰ ਮਸੀਹੀ ਬਣਾਉਣ ਲਈ ਨਹੀਂ, ਸਗੋਂ ਮਸੀਹੀ ਹੋਣ ਕਰਕੇ ਦਿੱਤਾ ਗਿਆ (ਗਲਾਤੀਆਂ 4:6)। ਇਹ *ਮਸੀਹੀ ਲੋਕਾਂ ਨੂੰ ਸ਼ਕਤੀ ਦੇਣ ਅਤੇ ਮਦਦ ਦੇਣ* ਲਈ ਦਿੱਤਾ ਗਿਆ ਸੀ (ਰੋਮੀਆਂ 8:2, 11, 13, 15, 16, 26, 27)।

## ਭਲਾ ਇਹ ਪ੍ਰਦਰਸ਼ਨ ਅੱਜ ਵੀ ਹੁੰਦੇ ਹਨ

ਇਨ੍ਹਾਂ ਪ੍ਰਦਰਸ਼ਨਾਂ ਦੇ ਸਬੰਧ ਵਿਚ ਸਾਡੇ ਕੋਲ ਇਕ ਆਖ਼ਰੀ ਸਵਾਲ ਹੈ ਕਿ *ਕਦੋਂ*? ਖ਼ਾਸ ਕਰਕੇ ਇਹ ਕਿ ਇਨ੍ਹਾਂ ਪ੍ਰਦਰਸ਼ਨਾਂ ਨੇ ਖ਼ਤਮ ਕਦੋਂ ਹੋਣਾ ਸੀ?

ਪਹਿਲੇ ਦੋ ਪ੍ਰਦਰਸ਼ਨ *ਆਰਜ਼ੀ* ਸਨ ਅਤੇ ਖ਼ਤਮ ਹੋ ਚੁੱਕੇ ਹਨ। ਪਵਿੱਤਰ ਆਤਮਾ ਦਾ

ਬਪਤਿਸਮਾ *ਰਸੂਲਾਂ ਦੇ ਜੀਵਨ ਕਾਲ ਲਈ* ਸੀ। ਯਾਦ ਰੱਖੋ ਕਿ ਪਵਿੱਤਰ ਆਤਮਾ ਦਾ ਬਪਤਿਸਮਾ ਹੁਕਮ ਨਹੀਂ ਸਗੋਂ ਇਕ ਵਾਅਦਾ ਸੀ। ਇਹ ਕੁਝ ਖ਼ਾਸ ਲੋਕਾਂ ਲਈ ਸੀ, ਨਾ ਕਿ ਸਾਰਿਆਂ ਲਈ। ਵਾਅਦਾ ਪੂਰਾ ਹੁੰਦਿਆਂ ਹੀ ਇਹਦਾ ਮਕਸਦ ਵੀ ਪੂਰਾ ਹੋ ਗਿਆ ਅਤੇ ਹੁਣ ਇਹ ਵਾਅਦਾ ਪੂਰਾ ਹੋ ਚੁੱਕਾ ਹੈ। ਪਵਿੱਤਰ ਆਤਮਾ ਦੇ ਬਪਤਿਸਮੇ ਦੇ ਆਖ਼ਰੀ ਲਿਖਤ ਪ੍ਰਦਰਸ਼ਨ ਦੇ 20 ਜਾਂ ਇਸ ਤੋਂ ਵੱਧ ਸਾਲਾਂ ਬਾਅਦ ਪੌਲੁਸ ਨੇ ਕਿਹਾ ਸੀ ਕਿ ਬਪਤਿਸਮਾ *ਇੱਕੋ* ਹੀ ਹੈ (ਅਫ਼ਸੀਆਂ 4:5)। ਕਿਉਂਕਿ ਮਸੀਹ ਦੇ ਵਾਪਸ ਆਉਣ ਤਕ (ਮੱਤੀ 28:19, 20) ਲੋਕਾਂ ਲਈ ਪਾਣੀ ਦਾ ਬਪਤਿਸਮਾ (ਰਸੂਲਾਂ ਦੇ ਕੰਮ 8:36-39; 10:47, 48) ਹੀ ਹੈ, ਇਸ ਲਈ ਪੌਲੁਸ ਨੇ ਜਿਸ ਬਪਤਿਸਮੇ ਦੀ ਗੱਲ ਕੀਤੀ ਇਹ ਉਹੀ ਇੱਕੋ ਬਪਤਿਸਮਾ ਹੈ। ਅੱਜ ਕਿਸੇ ਨੂੰ ਵੀ ਪਵਿੱਤਰ ਆਤਮਾ ਦਾ ਬਪਤਿਸਮਾ ਨਹੀਂ ਮਿਲਦਾ ਇਸ ਕਰਕੇ ਅੱਜ ਕੋਈ ਵੀ ਉਹ ਮੋਅਜਜ਼ੇ ਨਹੀਂ ਕਰ ਸਕਦਾ ਜੋ ਰਸੂਲਾਂ ਨੇ ਕਿਤੇ ਸਨ।

ਫੇਰ, ''ਹੱਥ ਰੱਖਣ ਦਾ'' ਪ੍ਰਦਰਸ਼ਨ ਇਹ ਦਾਨ ਪਾਉਣ ਵਾਲਿਆਂ ਦੇ ਜੀਵਨ ਕਾਲ ਲਈ *ਸੀ*। ਆਖ਼ਰੀ ਰਸੂਲ ਦੀ ਮੌਤ ਨਾਲ ਸ਼ਕਤੀ ਦੇਣ ਦਾ ਇਹ ਜ਼ਰੀਆ ਵੀ ਜਾਂਦਾ ਰਿਹਾ। ਨਵਾਂ ਨੇਮ ਜ਼ੋਰ ਦੇ ਕੇ ਕਹਿੰਦਾ ਹੈ ਕਿ ਮੋਅਜਜ਼ਿਆਂ ਦੇ ਦਾਨ ਆਰਜ਼ੀ ਸਨ (1 ਕੁਰਿੰਥੀਆਂ 13:8-10; ਯਾਕੂਬ 1:25)। ਦੂਜੇ ਪਾਸੇ, ਪ੍ਰਮੇਸ਼ਵਰ ਦਾ ਵਚਨ ਟਲਦਾ ਨਹੀਂ ਇਹ ਕਾਇਮ ਰਹਿੰਦਾ ਹੈ (1 ਪਤਰਸ 1:24, 25)।

ਤਾਂ ਫਿਰ, ਅਸੀਂ ਤੀਜੇ ਪ੍ਰਦਰਸ਼ਨ ਭਾਵ ਪਵਿੱਤਰ ਆਤਮਾ ਦੇ ਵਾਸ ਦਾ ਕੀ ਨਿਚੋੜ ਕੱਢੀਏ? ਇਹ ਪੂਰੇ ਮਸੀਹੀ ਯੁੱਗ ਲਈ ਹੈ, ਭਾਵ *ਇਹ ਅੱਜ ਲਈ ਹੈ*। ਪਵਿੱਤਰ ਆਤਮਾ ਦਾ ਦਾਨ ਹਰ ਉਸ ਸ਼ਖ਼ਸ ਨੂੰ ਦਿੱਤਾ ਜਾਂਦਾ ਹੈ ਜੋ ਲਿਖਤ ਮੁਤਾਬਕ ਪਾਣੀ ਵਿਚ ਬਪਤਿਸਮਾ ਲਏ (ਰਸੂਲਾਂ ਦੇ ਕੰਮ 2:38) ਅਤੇ ਪਾਣੀ ਦਾ ਬਪਤਿਸਮਾ ਮਸੀਹੀ ਯੁੱਗ ਦੇ ਅਖ਼ੀਰ ਤਕ ਰਹੇਗਾ (ਮੱਤੀ 28:19, 20)। ਇੰਜ ਇਹ ਦਾਨ ਮਸੀਹੀ ਯੁੱਗ ਦੇ ਅਖ਼ੀਰ ਤਕ ਰਹੇਗਾ।

ਰਸੂਲਾਂ ਦੇ ਕੰਮ ਕਿਤਾਬ ਵਿਚ ਪਵਿੱਤਰ ਆਤਮਾ ਦੇ ਕੰਮ ਦੇ ਆਪਣੇ ਅਧਿਐਨ ਵਿਚ, ਅਸੀਂ ਹੁਣ ਇਸ ਗੱਲ ਤੇ ਆਉਂਦੇ ਹਾਂ ਕਿ ਪਵਿੱਤਰ ਆਤਮਾ ਕੀ ਕਰਦਾ ਰਹਿੰਦਾ ਹੈ ਭਾਵ ਇਹ ਨਹੀਂ ਕਿ ਉਹਨੇ ਕੀ ਕੀਤਾ, ਨਾ ਇਹ ਕਿ ਉਹ ਕੀ ਕਰ ਸਕਦਾ ਹੈ ਅਤੇ ਨਾ ਹੀ ਇਹ ਕਿ ਉਹ ਕੀ ਕਰ ਸਕਦਾ ਸੀ, ਸਗੋਂ ਇਹ ਕਿ ਉਹ *ਅੱਜ ਕੀ ਕਰਦਾ ਹੈ*। ਇਸ ਸਵਾਲ ਦੇ ਜਵਾਬ ਲਈ ਕਿ ''ਪਵਿੱਤਰ ਆਤਮਾ ਕੀ ਕਰਦਾ ਹੈ?'' ਜਾਣਕਾਰੀ ਦਾ ਸਾਡਾ ਵਸੀਲਾ ਪ੍ਰਮੇਸ਼ਵਰ ਦਾ ਵਚਨ ਹੋਵੇਗਾ। ਸਾਫ਼ ਗੱਲ ਇਹ ਹੈ ਕਿ ਮਨੁੱਖ ਦੀ ਗਵਾਹੀ ਇਤਬਾਰ ਦੇ ਕਾਬਲ ਨਹੀਂ ਹੈ। ਪਵਿੱਤਰ ਆਤਮਾ ਨੇ ਬਾਈਬਲ ਲਿਖਣ ਦੀ ਪ੍ਰੇਰਣਾ ਦਿੱਤੀ (2 ਪਤਰਸ 1:21; ਯੂਹੰਨਾ 16:13; 1 ਕੁਰਿੰਥੀਆਂ 7:40; ਅਫ਼ਸੀਆਂ 3:5; ਪ੍ਰਕਾਸ਼ ਦੀ ਪੋਥੀ 2:7), ਇਸ ਲਈ ਆਪਣੇ ਕੰਮ ਦੇ ਸਬੰਧ ਵਿਚ ਲਿਖਤ ਵਿਚ ਪਵਿੱਤਰ ਆਤਮਾ ਦੀ ਆਪਣੀ ਹੀ ਗਵਾਹੀ ਮਿਲਦੀ ਹੈ।

ਅਸੀਂ ਇਸ ਤੇ ਵਿਚਾਰ ਕਰਨਾ ਚਾਹੁੰਦੇ ਹਾਂ ਕਿ ਪਵਿੱਤਰ ਆਤਮਾ ਕਲੀਸੀਆ ਦੇ ਬਾਹਰ ਦੇ ਪਾਪੀ ਲਈ ਕੀ ਕਰਦਾ ਹੈ ਅਤੇ ਹਰ ਮਸੀਹੀ ਲਈ ਕੀ ਕਰਦਾ ਹੈ।

## ਪਵਿੱਤਰ ਆਤਮਾ ਦੇ ਤਿੰਨ ਪ੍ਰਦਰਸ਼ਨ

| | ਪਵਿੱਤਰ ਆਤਮਾ ਦਾ ਬਪਤਿਸਮਾ | ਰਸੂਲਾਂ ਦੁਆਰਾ ਹੱਥ ਰੱਖਣਾ | ਪਵਿੱਤਰ ਆਤਮਾ ਦਾ ਵਾਸ |
|---|---|---|---|
| **ਕਿਸ ਨੂੰ?** | ਕੁਝ ਚੁਣੇ ਹੋਇਆਂ ਨੂੰ;<br>ਰਸੂਲਾਂ ਨੂੰ<br>ਕੁਰਨੇਲਿਉਸ ਨੂੰ | ਕੁਝ ਮਸੀਹੀਆਂ ਉੱਤੇ | *ਸਭ* ਮਸੀਹੀਆਂ ਲਈ |
| **ਕਿਵੇਂ?** | ਸਿੱਧੇ ਖ਼ੁਦਾ ਤੋਂ ਮਿਲਿਆ | ਰਸੂਲਾਂ ਦੇ ਹੱਥ ਰੱਖਣ ਨਾਲ ਮਿਲਿਆ | ਪਾਣੀ ਵਿਚ ਬਪਤਿਸਮੇ ਨਾਲ ਮਿਲਿਆ |
| **ਕੀ?** | ਮੋਅਜਜ਼ੇ ਕਰਨ ਦੀ ਸ਼ਕਤੀ | ਮੋਅਜਜ਼ੇ ਕਰਨ ਦੀ ਸੀਮਤ ਸ਼ਕਤੀ | ਚਮਤਕਾਰੀ *ਨਹੀਂ* ਪਰ ਖ਼ੁਦਾ ਵੱਲੋਂ<br>ਲੋੜ ਮੁਤਾਬਕ |
| **ਕਿਉਂ?** | ਅੱਗੇ ਵਧਣ (ਅਤੇ ਯੋਗ ਹੋਣ)<br>ਲਈ ਹਰੀ ਝੰਡੀ ਦੇਣ ਲਈ | ਨਵੇਂ ਨੇਮ ਦੇ ਪੂਰਾ ਹੋਣ ਤਕ<br>''ਖਾਲੀ ਥਾਂ ਭਰਨ'' ਲਈ | ਮਸੀਹੀ ਲੋਕਾਂ ਦੀ ਮਦਦ<br>ਅਤੇ ਮਜ਼ਬੂਤੀ ਲਈ |
| **ਕਦੋਂ?** | ਰਸੂਲਾਂ ਦੇ ਜੀਵਨਕਾਲ ਲਈ,<br>ਆਰਜ਼ੀ | ਪਾਉਣ ਵਾਲਿਆਂ ਦੇ ਜੀਵਨਕਾਲ ਲਈ<br>ਆਰਜ਼ੀ | ਪੂਰੇ ਮਸੀਹੀ ਯੁੱਗ ਲਈ-*ਅੱਜ ਲਈ* |

# ਪਵਿੱਤਰ ਆਤਮਾ ਕਲੀਸੀਆ ਦੇ ਬਾਹਰ ਦੇ ਪਾਪੀ ਲਈ ਕੀ ਕਰਦਾ ਹੈ?

ਇਕ ਪ੍ਰਸਿੱਧ ਸਿੱਖਿਆ ਹੈ ਕਿ ਕਲੀਸੀਆ ਦੇ ਬਾਹਰ ਦੇ ਕਿਸੇ ਪਾਪੀ ਲਈ ਪ੍ਰਮੇਸ਼ਵਰ ਵੱਲੋਂ ਪੇਸ਼ ਕੀਤੀ ਗਈ ਮੁਕਤੀ ਨੂੰ ਪਾਉਣ ਤੋਂ ਪਹਿਲਾਂ, ਉਸ ਵਿਚ ਪਵਿੱਤਰ ਆਤਮਾ ਦਾ ਸਿੱਧੇ ਤੌਰ ਤੇ ਕੰਮ ਕਰਨਾ ਜ਼ਰੂਰੀ ਹੈ। ਜੌਨ ਕੈਲਵਿਨ ਨੇ ਇਹ ਸਿਖਾਇਆ ਕਿ ਇਹ ਜ਼ਰੂਰੀ ਹੈ, ਕਿਉਂਕਿ ਬਿਲਕੁਲ ਹੀ ਭ੍ਰਸ਼ਟ ਵਿਅਕਤੀ ਪਵਿੱਤਰ ਆਤਮਾ ਦੇ ਸਿੱਧੇ ਕਾਰਜ ਦੇ ਬਿਨਾਂ ਖ਼ੁਦਾ ਦੇ ਪਿਆਰ ਨੂੰ ਕਬੂਲ ਨਹੀਂ ਕਰ ਸਕਦਾ (ਪਵਿੱਤਰ ਆਤਮਾ ਦੇ ਇਸ ਸਿੱਧੇ ਕਾਰਜ ਨੂੰ ਸਿਰਫ਼ ਚੁਣੇ ਹੋਏ ਉੱਤੇ ਆਉਣਾ ਮੰਨਿਆ ਜਾਂਦਾ ਸੀ)। ਪਰ ਬਾਈਬਲ ਇਹ ਨਹੀਂ ਸਿਖਾਉਂਦੀ ਕਿ ਪੈਦਾ ਹੋਣ ਸਮੇਂ ਲੋਕ ਪੂਰੀ ਤਰ੍ਹਾਂ ਪਾਪੀ ਹੁੰਦੇ ਹਨ (ਮੱਤੀ 18:3)। ਪ੍ਰਮੇਸ਼ਵਰ ਦੇ ਪਿਆਰ ਦਿਆਂ ਪੇਸ਼ਕਸਾਂ ਨੂੰ ਲੋਕ ਕਬੂਲ ਕਰ *ਸਕਦੇ ਹਨ* (ਮੱਤੀ 11:28-30)।

ਆਮ ਤੌਰ ਤੇ ਪ੍ਰੋਟੈਸਟੈਂਟ ਲੋਕਾਂ ਨੇ ਕੈਲਵਿਨ ਦੀpredestination (ਪਹਿਲਾਂ ਤੋਂ ਤੈਅ, ਜਾਂ ਕਿਸਮਤ) ਅਤੇ total depravity (ਪੂਰੀ ਤਰ੍ਹਾਂ ਨਾਲ ਭ੍ਰਸ਼ਟ ਹੋਣ) ਦੀਆਂ ਸਿੱਖਿਆਵਾਂ ਨੂੰ ਨਕਾਰ ਦਿੱਤਾ ਹੈ, ਪਰ ਬਹੁਤਿਆਂ ਨੇ ਉਸ ਦੀਆਂ ਹੋਰ ਸਿੱਖਿਆਵਾਂ ਨੂੰ ਨਹੀਂ ਛੱਡਿਆ ਹੈ ਜੋ ਉਨ੍ਹਾਂ ਸਿੱਖਿਆਵਾਂ 'ਚੋਂ ਹੀ ਨਿੱਕਲੀਆਂ। ਜਿਸ ਵਿਚ ਕਲੀਸੀਆ ਦੇ ਬਾਹਰੀ ਪਾਪੀ ਭਾਵ ਗੈਰ ਮਸੀਹੀ ਉੱਤੇ ਪਵਿੱਤਰ ਆਤਮਾ ਦੇ ਸਿੱਧੇ ਕਾਰਜ ਦੀ ਵੀ ਗੱਲ ਹੈ। ਲਿਖਤ ਦਾ ਅਧਿਐਨ ਧਿਆਨ ਨਾਲ ਕਰਨ ਤੇ ਇਹ ਪਤਾ ਲਗ ਜਾਵੇਗਾ ਕਿ ਪਵਿੱਤਰ ਆਤਮਾ ਕਲੀਸੀਆ ਦੇ ਬਾਹਰ ਦੇ ਪਾਪੀ ਉੱਤੇ *ਆਤਮਾ ਦੀ ਪ੍ਰੇਰਣਾ ਨਾਲ ਦਿੱਤੇ ਗਏ ਵਚਨ ਦੇ ਰਾਹੀਂ* ਉਸ ਨੂੰ ਉਹਦੇ ਪਾਪ ਦੇ ਵਿਖੇ ਕਾਇਲ ਕਰਕੇ *ਅਸਿੱਧੇ*ਢੰਗ ਨਾਲ ਕੰਮ ਕਰਦਾ ਹੈ। ਯਿਸੂ ਨੇ ਆਪਣੇ ਰਸੂਲਾਂ ਨੂੰ ਦੱਸਿਆ ਸੀ ਕਿ ਜਦ ਉਹ ਪਵਿੱਤਰ ਆਤਮਾ ਭੇਜੇਗਾ ਤਾਂ ਉਹ (ਪਵਿੱਤਰ ਆਤਮਾ) ਉਨ੍ਹਾਂ ਨੂੰ ਸਾਰੀ ਸਚਿਆਈ ਵਿਚ ਅਗਵਾਈ ਕਰੇਗਾ ਅਤੇ ਲੋਕਾਂ ਨੂੰ ਪਾਪ ਦੇ ਵਿਖੇ ਕਾਇਲ ਕਰੇਗਾ (ਯੂਹੰਨਾ 16:7-14)। ਪੈਂਟੀਕਾਸਟ ਵਾਲੇ ਦਿਨ ਪਵਿੱਤਰ ਆਤਮਾ ਆਇਆ ਅਤੇ ਉਸਨੇ ਲੋਕਾਂ ਨੂੰ ਪਤਰਸ ਰਸੂਲ ਦੇ ਪ੍ਰਮੇਸ਼ਵਰ ਦੀ ਪ੍ਰੇਰਣਾ ਨਾਲ ਦਿੱਤੇ ਸੰਦੇਸ਼ ਨਾਲ ਪਾਪ ਦੇ ਵਿਖੇ ਕਾਇਲ ਵੀ ਕੀਤਾ (ਰਸੂਲਾਂ ਦੇ ਕੰਮ 2:37)। ਰਸੂਲਾਂ ਦੇ ਕੰਮ ਦੀ ਪੂਰੀ ਕਿਤਾਬ ਵਿਚ ਇਹੀ ਨਮੂਨਾ ਮਿਲਦਾ ਹੈ।

ਪ੍ਰਮੇਸ਼ਵਰ ਦੇ ਵਚਨ ਨੂੰ ''ਆਤਮਾ ਦੀ ਤਲਵਾਰ'' ਕਿਹਾ ਗਿਆ ਹੈ (ਅਫ਼ਸੀਆਂ 6:17; ਇਬਰਾਨੀਆਂ 4:12)। ਤਲਵਾਰ ਆਤਮਾ ਨਹੀਂ ਹੈ, ਸਗੋਂ ਆਤਮਾ ਦੁਆਰਾ ਵਰਤਿਆ ਜਾਣ ਵਾਲਾ ਇਕ ਹਥਿਆਰ ਹੈ। ਪੈਂਟੀਕਾਸਟ ਵਾਲੇ ਦਿਨ ਤੋਂ ਹੀ ਉਹ ਤਲਵਾਰ ਲੋਕਾਂ ਦੇ ਦਿਲ ਵਿੰਨ੍ਹ ਰਹੀ ਹੈ (ਰਸੂਲਾਂ ਦੇ ਕੰਮ 2:37; 24:25 ਵੀ ਵੇਖੋ; ਰੋਮੀਆਂ 3:20; 7:7)।

ਆਤਮਾ ਦੀ ਤਲਵਾਰ ਦੀ ਸ਼ਕਤੀ ਨੂੰ ਕਦੇ ਵੀ ਘੱਟ ਕਰਕੇ ਨਾ ਸਮਝੋ। ਸੱਚਾਈ ਸਾਨੂੰ ਅਜ਼ਾਦ ਕਰਦੀ ਹੈ (ਯੂਹੰਨਾ 8:32; 17:17)। ਵਚਨ ਨਾਲ ਸਾਨੂੰ ਪਵਿੱਤਰ ਕੀਤਾ ਜਾਂਦਾ ਹੈ (ਯੂਹੰਨਾ 17:17)। ਵਚਨ ਨਾਲ ਸਾਨੂੰ ਸ਼ੁੱਧ ਕੀਤਾ ਜਾਂਦਾ ਹੈ (ਯੂੰਹਨਾ 15:3)। ਇੰਜੀਲ ਮੁਕਤੀ ਲਈ ਪ੍ਰਮੇਸ਼ਵਰ ਦੀ ਸ਼ਕਤੀ ਹੈ (ਰੋਮੀਆਂ 1:16)। ਵਿਸ਼ਵਾਸ ਵਚਨ ਨਾਲ ਆਉਂਦਾ ਹੈ (ਰੋਮੀਆਂ 10:17)। ਵਚਨ ਸਾਨੂੰ ਮੁਕਤੀ ਪਾਉਣ ਲਈ ਬੁੱਧਵਾਨ ਬਣਾ ਸਕਦਾ ਹੈ(2 ਤਿਮੋਥਿਉਸ3:14, 15)। ਵਚਨ ਸਾਡੀਆਂ ਜਾਨਾਂ ਨੂੰ ਬਚਾ ਸਕਦਾ ਹੈ (ਯਾਕੂਬ 1:21)। ਸੱਚਾਈ ਦੀ ਗੱਲ ਮੰਨਣ ਨਾਲ ਹੀ ਸਾਡੀਆਂ ਜਾਨਾਂ ਨੂੰ ਪਵਿੱਤਰ ਕੀਤਾ ਜਾਂਦਾ ਹੈ (1 ਪਤਰਸ 1:22, 23; ਕੁਲੁੱਸੀਆਂ 1:5)।

ਰਸੂਲਾਂ ਦੇ ਕੰਮ ਕਿਤਾਬ ਵਿਚ ਮਨਬਦਲੀਆਂ ਦੀਆਂ ਉਦਾਹਰਣਾਂ ਨੂੰ ਜਾਰੀ ਰੱਖਦਿਆਂ, ਸਾਨੂੰ ਕਿਤੇ ਵੀ ਕਲੀਸੀਆ ਦੇ ਬਾਹਰ ਦੇ ਪਾਪੀ ਉੱਤੇ ਪਵਿੱਤਰ ਆਤਮਾ ਦਾ ਸਿੱਧਾ ਕੰਮ ਨਹੀਂ ਮਿਲਦਾ, ਸਗੋਂ ਉਹ ਵਚਨ ਦੇ ਰਾਹੀਂ ਹੀ ਹੁੰਦਾ ਹੈ (ਰਸੂਲਾਂ ਦੇ ਕੰਮ 8:29-39)।

ਪਵਿੱਤਰ ਆਤਮਾ ਦੇ ਸਿੱਧੇ ਕੰਮ ਦੀ ਸਿੱਖਿਆ (1) ਖ਼ੁਦਾ ਨੂੰ ਪੱਖਪਾਤ ਕਰਨ ਵਾਲਾ ਠਹਿਰਾਉਂਦੀ ਹੈ (ਰਸੂਲਾਂ ਦੇ ਕੰਮ 10:34, 35; 2 ਪਤਰਸ 3:9), (2) ਪਾਪੀ (ਵੇਖੋ ਮੱਤੀ 16:24) ਅਤੇ ਰੂਹਾਂ ਨੂੰ ਜਿੱਤਣ ਵਾਲੇ (ਵੇਖੋ ਮਰਕੁਸ 16:15, 16; 1 ਕੁਰਿੰਥੀਆਂ 9:16) ਦੀ ਨਿੱਜੀ ਜ਼ਿੰਮੇਵਾਰੀ ਘੱਟ ਜਾਂ ਬਿਲਕੁਲ ਖ਼ਤਮ ਕਰ ਦਿੰਦੀ ਹੈ, (3) ਸੰਚਾਰ ਦੇ ਉਸ ਸਾਧਨ ਜੋ ਸ਼ੁਰੂ ਵਿਚ ਮਨੁੱਖ ਨਾਲ ਪ੍ਰਮੇਸ਼ਵਰ ਨੇ ਕਾਇਮ ਕੀਤਾ ਭਾਵ ਵਚਨ ਦੇ ਉਲਟ ਹੈ। ਪ੍ਰਮੇਸ਼ਵਰ ਲੋਕਾਂ ਨੂੰ ਵਚਨ ਰਾਹੀਂ ਖਿੱਚਦਾ ਹੈ (ਯੂਹੰਨਾ 6:44, 45)। ਜੇ ਕਲੀਸੀਆ ਦੇ ਬਾਹਰ ਦੇ ਪਾਪੀ ਉੱਤੇ ਪਵਿੱਤਰ ਆਤਮਾ ਦੇ ਸਿੱਧੇ ਕੰਮ ਦੀ ਗੱਲ ਸਹੀ ਹੈ, ਤਾਂ ਖ਼ੁਦਾ ਆਪਣੀ ਹੀ ਯੋਜਨਾ ਨੂੰ ਨਜ਼ਰਅੰਦਾਜ਼ ਕਰ ਰਿਹਾ ਹੋਵੇਗਾ, ਜਿਸ ਵਿਚ ਉਸ ਨੇ ਪ੍ਰਮੇਸ਼ਵਰ-ਮਸੀਹ-ਪਵਿੱਤਰ ਆਤਮਾ-ਰਸੂਲ-ਆਤਮਾ ਦੀ ਪ੍ਰੇਰਣਾ ਨਾਲ ਦਿੱਤਾ ਗਿਆ ਵਚਨ-ਸਾਰੀ ਮਨੁੱਖ ਜਾਤੀ ਦੀ ਤਰਤੀਬ ਦਿੱਤੀ ਹੈ।

## ਪਵਿੱਤਰ ਆਤਮਾ ਮਸੀਹੀ ਲੋਕਾਂ ਲਈ ਕੀ ਕਰਦਾ ਹੈ?

ਮੇਰਾ ਯਕੀਨ ਹੈ ਕਿ ਪਵਿੱਤਰ ਆਤਮਾ ਮਸੀਹੀ ਵਿਅਕਤੀ ਲਈ ਉਹ ਸਭ ਕੁਝ ਕਰਦਾ ਹੈ ਜੋ ਉਹ ਉਹਦੇ ਲਈ ਨਹੀਂ ਕਰਦਾ ਜੋ ਮਸੀਹੀ ਨਹੀਂ ਹੈ (ਵੇਖੋ ਅਫ਼ਸੀਆਂ 1:12, 13)। ਉਹ ਪ੍ਰਮੇਸ਼ਵਰ ਦੀ ਵਿਸ਼ਵਾਸੀ ਸੰਤਾਨ ਲਈ ਜੀਵਨ ਵਿਚ ਕੰਮ ਕਰ ਸਕਦਾ ਹੈ ਅਤੇ ਕਰਦਾ ਵੀ ਹੈ।

ਮਸੀਹੀ ਬਣਨ ਤੇ (ਭਾਵ ਪਾਣੀ ਦਾ ਬਪਤਿਸਮਾ ਲੈਣ ਤੇ), ਸਾਨੂੰ ਦਾਨ ਦੇ ਤੌਰ ਤੇ ਪਵਿੱਤਰ ਆਤਮਾ ਦਿੱਤਾ ਜਾਂਦਾ ਹੈ (ਰਸੂਲਾਂ ਦੇ ਕੰਮ 2:38; 5:32; ਗਲਾਤੀਆਂ 4:6)। ਆਤਮਾ ਦੀ ਸ਼ਕਤੀ ਦਾ ਇਹ ਇਕ ਗੈਰ ਚਮਤਕਾਰੀ ਪ੍ਰਦਰਸ਼ਨ ਹੈ, ਜਿਸ ਨੂੰ ਨਵੇਂ ਨੇਮ ਵਿਚ ਆਤਮਾ ਦਾ *ਵਾਸ* ਕਿਹਾ ਗਿਆ ਹੈ (ਰੋਮੀਆਂ 8:9, 11; 1 ਕੁਰਿੰਥੀਆਂ 3:16; 6:19; 2 ਤਿਮੋਥਿਉਸ 1:14)। ਖ਼ੁਦਾ ਸਾਡੀ ਮਦਦ ਕਰਦਾ ਹੈ। ਮਜ਼ਬੂਤੀ ਲਈ ਆਪਣੇ ਪਵਿੱਤਰ ਆਤਮਾ ਵਿੱਚੋਂ ਸਾਨੂੰ ਦਿੰਦਾ ਹੈ।

ਕੁਝ ਬੇਦਾਵੇ ਇਸ ਤਰ੍ਹਾਂ ਹੈ: (1) ਕਿਸੇ ਨੂੰ ਵੀ ਆਪਣੇ *ਅਹਿਸਾਸ* ਨਾਲ ਇਹ ਪਤਾ ਨਹੀਂ ਲੱਗ ਸਕਦਾ ਕਿ ਪਵਿੱਤਰ ਆਤਮਾ ਉਸ ਵਿਚ ਵਾਸ ਕਰ ਰਿਹਾ ਹੈ। ਜਜ਼ਬਾਤ ਧੋਖੇਬਾਜ਼ ਹੁੰਦੇ ਹਨ ਅਤੇ ਵਕਤ-ਵਕਤ ਦੇ ਬਦਲੇ ਰਹਿੰਦੇ ਹਨ। ਫਿਰ, ਪਵਿੱਤਰ ਆਤਮਾ ਤਾਂ ਆਤਮਾ ਹੈ, ਇਸਨੂੰ ਪੰਜ ਇੰਦਰੀਆਂ ਨਾਲ ਜਾਚਿਆਂ ਨਹੀਂ ਜਾ ਸਕਦਾ। ਸਗੋਂ ਜੇ ਅਸੀਂ ਬਪਤਿਸਮਾ ਪਾਏ ਹੋਏ ਵਿਸ਼ਵਾਸੀ ਹਾਂ ਸਾਨੂੰ ਪਤਾ ਹੋ ਸਕਦਾ ਹੈ ਕਿ ਪਵਿੱਤਰ ਆਤਮਾ ਸਾਡੇ ਅੰਦਰ ਵਾਸ ਕਰਦਾ ਹੈ ਕਿਉਂਕਿ *ਬਾਈਬਲ* ਦੱਸਦੀ ਹੈ ਕਿ ਉਹ ਸਾਡੇ ਵਿਚ ਹੈ। ਅਸੀਂ ਇਸ ਨੂੰ *ਵਿਸ਼ਵਾਸ* ਨਾਲ ਮੰਨਦੇ ਹਾਂ (ਗਲਾਤੀਆਂ 3:14)। (2) ਪਵਿੱਤਰ ਆਤਮਾ ਦੇ ਵਾਸ ਨਾਲ ਮਿਲਣ ਵਾਲੀਆਂ ਬਰਕਤਾਂ ਨੂੰ ਵਚਨ ਦੇ ਅਧਿਐਨ ਅਤੇ ਉਸ ਦੇ ਹੁਕਮ ਮੰਨਣ ਤੋਂ ਵੱਖ ਨਹੀਂ ਕੀਤਾ ਜਾ ਸਕਦਾ।

ਖੁਸ਼ਕਿਸਮਤੀ ਨਾਲ ਸਾਨੂੰ ਆਪਣੀਆਂ ਜ਼ਿੰਦਗੀਆਂ ਵਿਚ ਉਹਦੀ ਬਰਕਤ ਪਾਉਣ ਲਈ ਪਵਿੱਤਰ ਆਤਮਾ ਦੇ ਵਾਸ ਬਾਰੇ ਗਹਿਰਾਈ ਨਾਲ ਸਮਝਣਾ ਜ਼ਰੂਰੀ ਨਹੀਂ ਹੈ। *ਜੇ ਅਸੀਂ ਵਚਨ ਦੀ ਗੱਲ ਮੰਨ ਕੇ ਆਤਮਾ ਨਾਲ ਸਹਿਯੋਗ ਕਰਦੇ ਹਾਂ, ਤਾਂ ਉਹ ਸਾਨੂੰ ਮਦਦ ਦੇ ਸਕਦਾ ਹੈ*

*ਅਤੇ ਦੇਵੇਗਾ ਅਤੇ ਸਾਨੂੰ ਮਜ਼ਬੂਤ ਕਰ ਸਕਦਾ ਹੈ ਅਤੇ ਕਰੇਗਾ।* ਪਰ ਐਨਾ ਪਤਾ ਹੋਣਾ ਵੀ ਕਿ ਉਹ ਸਾਡੇ ਲਈ ਕੀ ਕਰਦਾ ਹੈ, ਤਸੱਲੀ ਦੀ ਗੱਲ ਹੈ। ਮਸੀਹੀ ਲੋਕਾਂ ਲਈ ਪਵਿੱਤਰ ਆਤਮਾ ਜੋ ਕੁਝ ਕਰਦਾ ਹੈ ਉਸ ਦੀ ਛੋਟੀ ਜਿਹੀ ਸਮੀਖਿਆ ਇਹ ਹੈ: (1) ਸਾਡੀਆਂ ਜ਼ਿੰਦਗੀਆਂ ਵਿਚ ਉਹਦੀ ਮੌਜੂਦਗੀ ਸਾਨੂੰ ਪ੍ਰਮੇਸ਼ਵਰ ਦੀ ਸੰਤਾਨ ਹੋਣ ਦਾ ਸਬੂਤ ਦਿੰਦੀ ਹੈ (ਗਲਾਤੀਆਂ 4:6; 1 ਯੂਹੰਨਾ 3:24; 4:13)। (2) ਸਵਰਗ ਵਿਚ ਜਾਣ ਲਈ ਉਹ ਸਾਡਾ ਬਿਆਨਾ ਹੈ (ਅਫ਼ਸੀਆਂ 1:13, 14)। (3) ਉਹ ਮਸੀਹੀ ਜ਼ਿੰਦਗੀ ਜੀਉਣ ਵਿਚ ਸਾਡੀ ਮਦਦ ਕਰਦਾ ਹੈ, ਦੁਆ ਕਰਨ ਵਿਚ ਸਾਡੀ ਮਦਦ ਕਰਦਾ ਹੈ ਅਤੇ ਸਾਡੇ ਜੀ ਉੱਠਣ ਵਿਚ ਉਹਦਾ ਯੋਗਦਾਨ ਹੋਵੇਗਾ (ਰੋਮੀਆਂ 8:2, 11, 13, 26, 27, ਆਦਿ)।

ਸੰਖੇਪ ਵਿਚ, ਪਵਿੱਤਰ ਆਤਮਾ ਦੇ ਵਾਸ ਦੀ ਭੂਮਿਕਾ ਜ਼ਿੰਦਗੀ ਵਿਚ ''ਆਤਮਾ ਦਾ ਫ਼ਲ'' ਦੇਣ ਵਿਚ ਸਾਡੀ ਮਦਦ ਲਈ ਹੈ (ਗਲਾਤੀਆਂ 5:22, 23)।

> ਹੇ ਪਿਆਰਿਓ, ਆਤਮਾ ਦੇ ਵਾਸ ਦਾ ਆਖ਼ਰੀ ਮਕਸਦ ਲੋਕਾਂ ਵਿਚ ਮਸੀਹ ਦੀ ਸ਼ਖ਼ਸੀਅਤ ਦੀ ਖ਼ੂਬਸੂਰਤੀ ਅਤੇ ਤੇਜ ਨੂੰ ਵਧਾਉਣਾ ਹੈ। ਜੇ ਧਰਤੀ ਉੱਤੇ ਸਵਰਗੀ ਫੁੱਲ ਚਾਹੀਦੇ ਹਨ ਤਾਂ ਗੰਢੀਆਂ ਸਾਨੂੰ ਸਵਰਗ ਤੋਂ ਹੀ ਮੰਗਵਾਉਣੀਆਂ ਪੈਣਗੀਆਂ।[1]

ਮਸੀਹੀ ਆਦਮੀ ਬੰਦਗੀ ਵਿਚ ਉੱਚੀ-ਉੱਚੀ ਨਾਲ ਰੌਲਾ ਪਾ ਕੇ ਨਹੀਂ ਸਗੋਂ ਆਪਣੇ ਜੀਵਨ ਦੇ ਰਾਹੀਂ ਜੋ ਮਸੀਹ ਦੇ ਜੀਵਨ ਨਾਲ ਮੇਲ ਖਾਂਦਾ ਹੈ, ਵਿਖਾਉਂਦਾ ਹੈ ਕਿ ਉਹ ਆਤਮਾ ਨਾਲ ਭਰਪੂਰ ਹੈ!

## ਸਾਰ

ਪਿਤਾ ਅਤੇ ਪੁੱਤਰ ਵਾਂਗ ਹੀ, ਪਵਿੱਤਰ ਆਤਮਾ ਦੀ ਵੀ ਤੁਹਾਡੀ ਮੁਕਤੀ ਵਿਚ ਕਾਫ਼ੀ ਦਿਲਚਸਪੀ ਹੈ (ਪ੍ਰਕਾਸ਼ ਦੀ ਪੋਥੀ 22:17)। ਆਤਮਾ ਦਾ ਵਿਰੋਧ ਨਾ ਕਰੋ, ਸਗੋਂ ਜੋ ਕੁਝ ਉਹ ਕਰਨ ਲਈ ਬਾਈਬਲ ਰਾਹੀਂ ਤੁਹਾਨੂੰ ਕਹਿੰਦਾ ਹੈ ਉਹ ਜ਼ਰੂਰ ਕਰੋ। ਜੇ ਤੁਹਾਨੂੰ ਬਪਤਿਸਮਾ ਲੈਣ ਦੀ ਲੋੜ ਹੈ, ਤਾਂ ਪਵਿੱਤਰ ਆਤਮਾ ਨੂੰ ਵਚਨ ਦੇ ਰਾਹੀਂ ਤੁਹਾਨੂੰ ਸਮਝਾਉਣ ਦੀ ਇਜਾਜ਼ਤ ਦਿਓ। ਜੇ ਤੁਸੀਂ ਪ੍ਰਮੇਸ਼ਵਰ ਦੀ ਸੰਤਾਨ ਹੋ ਤਾਂ ਵਚਨ ਦੀ ਗੱਲ ਮੰਨ ਕੇ ਆਤਮਾ ਨਾਲ ਸਹਿਯੋਗ ਕਰੋ। ਫਿਰ ਉਹ ਤੁਹਾਡੀ ਜ਼ਿੰਦਗੀ ਵਿਚ ਬਰਕਤਾਂ ਦੇ ਸਕਦਾ ਹੈ!

---

ਟਿੱਪਣੀ

[1]ਜਾਰਜ ਡਬਲਯੂ. ਬੇਲੀ, ਸੈਂਟਰਲ ਕ੍ਰਿਸ਼ਚਿਅਨ ਕਾਲਜ, ਬਰਟਲਸਵਿੱਲੇ, ਓਕਲਾਹੋਮਾ, ਮਿਤੀ ਰਹਿਤ, ਦਿੱਤਾ ਗਿਆ ਲੈਕਚਰ।

# ਲੂਕਾ ਦੁਆਰਾ ਵਰਤੇ ਗਏ ਸੰਭਾਵਤ ਸੋਮੇ

ਲੂਕਾ 1:1-4 (ਜੋ ਸਿਰਫ਼ ਲੂਕਾ ਦੀ ਕਿਤਾਬ ਦੀ ਹੀ ਨਹੀਂ ਸਗੋਂ ਰਸੂਲਾਂ ਦੇ ਕੰਮ ਦੀ ਕਿਤਾਬ ਦੀ ਜਾਣ ਪਛਾਣ ਵੀ ਹੈ) ਸਪਸ਼ਟ ਕਰਦਾ ਹੈ ਕਿ ਲੂਕਾ ਨੇ ''ਸਿਰੇ ਤੋਂ ਸਾਰੀ ਵਾਰਤਾ ਦੀ ਵੱਡੇ ਯਤਨ ਨਾਲ ਭਾਲ ਕਰਕੇ'' ਲਿਖਿਆ। ਅਸੀਂ ਉਨ੍ਹਾਂ ਸਭ ਥਾਵਾਂ ਅਤੇ ਸਭ ਲੋਕਾਂ ਬਾਰੇ ਤਾਂ ਨਹੀਂ ਜਾਣਦੇ ਜਿਨ੍ਹਾਂ ਨੂੰ ਲੂਕਾ ਮਿਲਿਆ ਹੋਵੇਗਾ ਅਤੇ ਜਿਨ੍ਹਾਂ ਤੋਂ ਉਸ ਨੇ ਪੁੱਛ ਗਿੱਛ ਕੀਤੀ ਹੋਵੇਗੀ ਪਰ ਹੇਠਾਂ ਕਈ ਸੋਮੇ ਦਿੱਤੇ ਗਏ ਹਨ ਅਤੇ ਹੋ ਸਕਦਾ ਹੈ ਕਿ ਇਨ੍ਹਾਂ ਦੀ ਵਰਤੋਂ ਲੂਕਾ ਨੇ ਰਸੂਲਾਂ ਦੇ ਕੰਮ ਨਾਮਕ ਕਿਤਾਬ ਲਿਖਣ ਲਈ ਕੀਤੀ ਹੋਵੇ:

(1) ਨਿੱਜੀ ਤਜ਼ਰਬਾ: ਲੂਕਾ ਨੇ ਪੌਲੁਸ ਨਾਲ ਕਾਫ਼ੀ ਯਾਤਰਾਵਾਂ ਕੀਤੀਆਂ ਸਨ (ਰਸੂਲਾਂ ਦੇ ਕੰਮ ਕਿਤਾਬ ਵਿਚ ''ਅਸੀਂ'' ਸ਼ਬਦ ਤੇ ਗੌਰ ਕਰੋ)। ਇਨ੍ਹਾਂ ਯਾਤਰਾਵਾਂ ਦਾ ਵਿਸਤਾਰਪੂਰਕ ਵਰਣਨ ਇਹ ਸੁਝਾਅ ਦਿੰਦਾ ਹੈ ਕਿ ਲੂਕਾ ਨੇ ਯਾਤਰਾਵਾਂ ਦੌਰਾਨ ਆਪਣੇ ਕੋਲ ਜ਼ਰੂਰ ਇਕ ਡਾਇਰੀ ਰੱਖੀ ਹੋਵੇਗੀ।

(2) ਪੌਲੁਸ: ਯਾਤਰਾ ਕਰਦਿਆਂ ਪੌਲੁਸ ਨੇ ਲੂਕਾ ਨੂੰ ਦੱਸਿਆ ਹੋਵੇਗਾ ਕਿ ਜਦ ਇਸਤੀਫ਼ਾਨ ਮਹਾਸਭਾ ਸਾਹਮਣੇ ਖੜਾ ਸੀ, ਤਾਂ ਕੀ ਹੋਇਆ ਸੀ (ਤੁਲਨਾ ਰਸੂਲਾਂ ਦੇ ਕੰਮ 7:58; 8:1), ਉਹਦੀ ਮਨਬਦਲੀ ਅਤੇ ਸ਼ੁਰੂਆਤੀ ਕੋਸ਼ਿਸ਼ਾਂ ਦੀਆਂ ਗੱਲਾਂ ਅਤੇ ਉਨ੍ਹਾਂ ਦੀ ਟੀਮ ਵਿਚ ਲੂਕਾ ਦੇ ਆਉਣ ਤੋਂ ਪਹਿਲਾਂ ਦੀਆਂ ਗੱਲਾਂ ਦੱਸੀਆਂ ਹੋਣਗੀਆਂ। ਪੌਲੁਸ ਨੂੰ ਪ੍ਰਭੂ ਤੋਂ ਖ਼ਾਸ ਮੁਕਾਸ਼ਫ਼ਾ ਮਿਲਿਆ ਸੀ (2 ਕੁਰਿੰਥੀਆਂ 12:1, 7) ਜਿਸ ਵਿਚ ਯਿਸੂ ਦੇ ਜੀਵਨ ਬਾਰੇ ਵੀ ਦੱਸਿਆ ਗਿਆ ਸੀ (1 ਕੁਰਿੰਥੀਆਂ 11:23-25)।

(3) ਯਰੂਸ਼ਲਮ ਤੋਂ ਰਸੂਲਾਂ ਦੇ ਹੁਕਮ: ਇਹ ਹੁਕਮ ਲਿਖੇ ਗਏ ਅਤੇ ਸੀਰੀਆ ਦੇ ਅੰਤਾਕੀਆ ਵਿਚ ਭੇਜੇ ਗਏ (ਰਸੂਲਾਂ ਦੇ ਕੰਮ 15:22-29; 21:25 ਵੀ ਵੇਖੋ)। ਹੋ ਸਕਦਾ ਹੈ ਕਿ ਉਹ ਅੰਤਾਕੀਆ ਵਿਚ ਸੰਭਾਲ ਕੇ ਰੱਖੇ ਹੋਣ। ਧਿਆਨ ਦਿਓ ਕਿ ਪਰੰਪਰਾ ਮੁਤਾਬਕ ਲੂਕਾ ਅੰਤਾਕੀਆ ਦਾ ਰਹਿਣ ਵਾਲਾ ਸੀ।

(4) ਮਨਏਨ (ਰਸੂਲਾਂ ਦੇ ਕੰਮ 13:1): ਮਨਏਨ, ਅੰਤਾਕੀਆ ਦਾ ਰਹਿਣ ਵਾਲਾ ਇਕ ਮਸੀਹੀ ਸੀ, ਜੋ ''ਰਾਜਾ ਹੇਰੋਦੇਸ ਦੇ ਨਾਲ ਪਲਿਆ ਸੀ,'' ਉਹਨੇ ਹੇਰੋਦੇਸ ਦੇ ਪਰਿਵਾਰ ਬਾਰੇ ਲੂਕਾ ਨੂੰ ਕਈ ਗੱਲਾਂ ਦੱਸੀਆਂ ਹੋਣਗੀਆਂ।

(5) ਇੰਜੀਲ ਦਾ ਇਕ ਪ੍ਰਚਾਰਕ (ਇਵੈਂਜਲਿਸਟ) ਫ਼ਿਲਿੱਪੁਸ: ਜਦ ਲੂਕਾ ਕੈਸਰੀਆ ਵਿਚ ਸੀ, ਤਾਂ ਉਹ ਫ਼ਿਲਿੱਪੁਸ ਦੇ ਘਰ ਹੀ ਠਹਿਰਿਆ ਸੀ (ਰਸੂਲਾਂ ਦੇ ਕੰਮ 21:8), ਜਿਸ ਤੋਂ ਉਸ ਨੂੰ ਉਨ੍ਹਾਂ ਸੱਤਾਂ (ਰਸੂਲਾਂ ਦੇ ਕੰਮ 6:1-6) ਦੀ ਨਿਯੁਕਤੀ ਬਾਰੇ ਅਤੇ ਸਾਮਰੀਆ ਅਤੇ ਕੂਸ਼ ਦੇਸ਼ ਦੇ ਖੋਜੇ ਦੀ ਮਨਬਦਲੀ (ਰਸੂਲਾਂ ਦੇ ਕੰਮ 8 ਅਧਿਆਇ) ਬਾਰੇ ਪਤਾ ਲੱਗਿਆ ਹੋਵੇਗਾ।

(6) ਕੁਪਰੁਸ ਦਾ ਰਹਿਣ ਵਾਲਾ ਮਨਾਸੋਨ: ਲੂਕਾ ਕੁਪਰੁਸੀ ਮਨਾਸੋਨ ਦੇ ਨਾਲ ਰਿਹਾ (ਰਸੂਲਾਂ ਦੇ ਕੰਮ 21:16), ਜਿਸ ਨੇ ਉਸ ਨੂੰ ਕੁਪਰੁਸ ਵਿਚ ਕਲੀਸੀਆ ਦੇ ਕਾਇਮ ਹੋਣ ਦੇ ਆਂਕੜੇ ਦਿੱਤੇ ਹੋਣਗੇ (ਰਸੂਲਾਂ ਦੇ ਕੰਮ 13:4-12)।

(7) ਯਰੂਸ਼ਲਮ ਦੇ ਆਗੂ: ਜਦ ਲੂਕਾ ਯਰੂਸ਼ਲਮ ਵਿਚ ਸੀ (ਰਸੂਲਾਂ ਦੇ ਕੰਮ 21:17),

ਤਾਂ ਉਸ ਨੂੰ ਪ੍ਰਭੂ ਦੇ ਭਰਾ ਯਾਕੂਬ ਅਤੇ ਹੋਰਨਾਂ ਨੂੰ ਮਿਲਣ ਦਾ ਮੌਕਾ ਜ਼ਰੂਰ ਮਿਲਿਆ ਹੋਵੇਗਾ ਜੋ ਕਲੀਸੀਆ ਦੇ ਬਣਨ ਤੋਂ ਲੈ ਕੇ ਉੱਥੇ ਹੀ ਰਹਿ ਰਹੇ ਸਨ। ਰਸੂਲਾਂ ਵਿੱਚੋਂ ਕਈ ਅਜੇ ਵੀ ਉੱਥੇ ਹੀ ਸਨ। ਸ਼ਾਇਦ ਯਿਸੂ ਦੀ ਮਾਤਾ ਮਰੀਅਮ ਵੀ ਅਜੇ ਓਸੇ ਇਲਾਕੇ ਵਿਚ ਹੀ ਸੀ।[1] ਲੂਕਾ ਨੂੰ ਇਨ੍ਹਾਂ ਤੋਂ ਕਲੀਸੀਆ ਦੇ ਸ਼ੁਰੂਆਤੀ ਦਿਨਾਂ ਬਾਰੇ ਹੀ ਨਹੀਂ ਸਗੋਂ ਯਰੂਸ਼ਲਮ ਵਿਚ ਹੋਈ ਕਾਨਫ਼ਰੰਸ ਬਾਰੇ ਵੀ ਪਤਾ ਲਗ ਗਿਆ ਹੋਵੇਗਾ (ਰਸੂਲਾਂ ਦੇ ਕੰਮ 15)।

(8) ਮੁਢਲੀ ਕਲੀਸੀਆ ਦੇ ਹੋਰ ਆਗੂ: ਆਪਣੀਆਂ ਕਈ ਪੱਤਰੀਆਂ ਦੇ ਅਖ਼ੀਰ ਵਿਚ ਪੌਲੁਸ ਦੀਆਂ ਟਿੱਪਣੀਆਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਸੀਲਾਸ, ਤਿਮੋਥਿਉਸ ਅਤੇ ਹੋਰ ਲੋਕ ਵੀ ਪੌਲੁਸ ਦੇ ਨਾਲ ਸਨ ਜਦ ਲੂਕਾ ਉੱਥੇ ਮੌਜੂਦ ਸੀ। ਇਨ੍ਹਾਂ ਮੁਢਲੇ ਰਹਿਨੁਮਾਵਾਂ ਤੋਂ, ਲੂਕਾ ਨੂੰ ਕਾਫ਼ੀ ਜਾਣਕਾਰੀ ਮਿਲੀ ਹੋਵੇਗੀ।

(9) ਯਰੂਸ਼ਲਮ ਵਾਂਗ ਹੀ ਸਥਾਨਕ ਮੰਡਲੀਆਂ ਦੇ ਲਿਖਤ ਅਤੇ ਜ਼ਬਾਨੀ ਇਤਿਹਾਸ: ਇਕ ਮੰਡਲੀ ਦੇ ਨਾਲ ਹੋਣ ਵਾਲੀ ਗੱਲ ਦੂਜੀਆਂ ਮੰਡਲੀਆਂ ਦੀ ਦਿਲਚਸਪੀ ਅਤੇ ਚਿੰਤਾ ਦਾ ਵਿਸ਼ਾ ਸੀ (ਮੰਡਲੀਆਂ ਦੇ ਨਾਂ ਦਾ ਪੌਲੁਸ ਨੇ ਆਪਣੀਆਂ ਪੱਤਰੀਆਂ ਵਿਚ ਕਈ ਵਾਰ ਜ਼ਿਕਰ ਕੀਤਾ ਹੈ ਕਿ। ਜਿਨ੍ਹਾਂ ਮੰਡਲੀਆਂ ਨੂੰ ਉਹ ਲਿਖ ਰਿਹਾ ਸੀ ਉਨ੍ਹਾਂ ਬਾਰੇ ਦੂਜੀਆਂ ਮੰਡਲੀਆਂ ਵੀ ਜਾਣਦੀਆਂ ਸਨ।) ਸੰਭਾਵਨਾ ਹੈ ਕਿ ਅਹਿਮ ਹੋਣ ਕਰਕੇ ਇਨ੍ਹਾਂ ਘਟਨਾਵਾਂ ਨੂੰ ਲਿਖਿਆ ਗਿਆ ਹੋਵੇਗਾ।

ਇਸ ਸੂਚੀ ਤੋਂ ਲੂਕਾ ਦੁਆਰਾ ਵਰਤੇ ਗਏ ਕੁਝ ਸੰਭਾਵਤ ਸੋਮਿਆਂ ਦਾ ਪਤਾ ਲਗਦਾ ਹੈ। ਪਰ ਸਭ ਤੋਂ ਅਹਿਮ (ਅਤੇ ਸਭ ਤੋਂ ਜ਼ਰੂਰੀ) ਸੋਮਾ *ਪਵਿੱਤਰ ਆਤਮਾ* ਸੀ।

---

ਟਿੱਪਣੀ

[1]ਇਕ ਅਰੰਭਿਕ ਪਰੰਪਰਾ ਮੁਤਾਬਕ ਯੂਹੰਨਾ ਮਰੀਅਮ ਨੂੰ ਆਪਣੇ ਨਾਲ ਅਫ਼ਸੁਸ ਵਿਚ ਲੈ ਗਿਆ ਸੀ ਅਤੇ ਉੱਥੇ ਉਹਦੀ ਮੌਤ ਹੋ ਗਈ। ਪਰ, ਇਹ ਸਹੀ ਵੀ ਹੋਵੇ ਤਾਂ ਇਹ ਲੂਕਾ ਦੇ ਯਰੂਸ਼ਲਮ ਆਉਣ ਦੇ ਬਾਅਦ ਦੀ ਗੱਲ ਹੋਵੇਗੀ।

# ਕੁਰਨੇਲਿਉਸ ਦੇ ਮਾਮਲੇ ਵਿਚ ਸਵਾਲ

**ਸਵਾਲ:** ਮਸੀਹੀ ਲੋਕਾਂ ਵੱਲੋਂ ਫ਼ੌਜ ਦੀ ਨੌਕਰੀ ਕਰਨ ਦੇ ਸਵਾਲ ਤੇ ਕੁਰਨੇਲਿਉਸ ਦੇ ਮਾਮਲੇ ਵਿਚ ਕੀ ਚਾਨਣਾ ਪੈਂਦਾ ਹੈ?

**ਜਵਾਬ:** ਇਹ ਮਾਮਲਾ ਮਸੀਹੀ ਲੋਕਾਂ ਵੱਲੋਂ ਫ਼ੌਜ ਵਿਚ ਨੌਕਰੀ ਕਰਨ ਬਾਰੇ ਬਹੁਤ ਹੀ ਘੱਟ ਰੌਸ਼ਨੀ ਪਾਉਂਦਾ ਹੈ। ਕਈ ਤਾਂ ਇਸ ਤੱਥ ਨੂੰ ਕਿ ਕੁਰਨੇਲਿਉਸ ਇਕ ਫ਼ੌਜੀ ਸੀ ਅਤੇ ਬਪਤਿਸਮੇ ਦੇ ਬਾਅਦ ਉਸ ਵਿਚ ਆਉਣ ਵਾਲੇ ਬਦਲਾਅ ਦਾ ਕੋਈ ਸੰਕੇਤ ਨਹੀਂ ਹੈ, ਇਹ ਸਾਬਤ ਕਰਨ ਲਈ ਵਰਤਦੇ ਹਨ ਕਿ ਮਸੀਹੀ ਲੋਕ ਫ਼ੌਜ ਵਿਚ ਨੌਕਰੀ ਕਰ ਸਕਦੇ ਹਨ। ਹੋਰਨਾਂ ਟੀਕਾਕਾਰਾਂ ਦਾ ਸੁਝਾਅ ਹੈ ਕਿ ਖ਼ਾਮੋਸ਼ੀ ਨਾਲ ਬਣਿਆ ਤਰਕ ਠੋਸ ਨਹੀਂ ਹੁੰਦਾ। ਜੇ. ਡਬਲਯੂ. ਮੈਕਗਰਵੇ ਨੇ ਟਿੱਪਣੀ ਕੀਤੀ ਹੈ ਕਿ ''ਇਹ ਕਿਸੇ ਸਿਪਾਹੀ ਦੇ ਮਸੀਹੀ ਬਣਨ ਦੀ ਘਟਨਾ ਹੈ, ਕਿਸੇ ਮਸੀਹੀ ਦੇ ਸਿਪਾਹੀ ਬਣਨ ਦੀ ਨਹੀਂ।''[1] ਜਿੱਥੋਂ ਤਕ ਮੈਨੂੰ ਯਾਦ ਹੈ ਕਿ ਕਲੀਸੀਆ ਦੇ ਲੋਕਾਂ ਲਈ ਇਹ ਸਪਸ਼ਟ ਨਹੀਂ ਸੀ ਕਿ ਮਸੀਹੀ ਲੋਕ ਫ਼ੌਜ ਵਿਚ ਨੌਕਰੀ ਕਰ ਸਕਦੇ ਹਨ ਜਾਂ ਨਹੀਂ; ਪਰ ਜਿੱਥੋਂ ਤਕ ਮੈਨੂੰ ਪਤਾ ਹੈ, ਇਸ ਮੁੱਦੇ ਨਾਲ ਕਦੇ ਕਿਸੇ ਮੰਡਲੀ ਵਿਚ ਫੁੱਟ ਨਹੀਂ ਪਈ। ਇਹ ਇਕ ਅਜਿਹਾ ਵਿਵਾਦ ਹੈ ਜਿਸ ਨੂੰ ਵਚਨ ਵਿਚ ਸਪਸ਼ਟ ਤੌਰ ਤੇ ਪ੍ਰਭਾਸ਼ਿਤ ਨਹੀਂ ਕੀਤਾ ਗਿਆ ਜਿਸ ਕਰਕੇ ਇਹ ਵਿਚਾਰਨ ਵਾਲੀ ਗੱਲ ਹੈ ਜੋ ਰੋਮੀਆਂ 14 ਅਧਿਆਇ ਦੇ ਸਿਧਾਂਤਾਂ ਤੇ ਅਧਾਰ ਤੇ ਹੋਣੀ ਚਾਹੀਦੀ ਹੈ: ''ਹਰ ਕੋਈ ਆਪੋ ਆਪਣੇ ਮਨ ਵਿਚ ਪੱਕੀ ਨਿਹਚਾ ਰੱਖੇ'' (ਆਇਤ 5) ਅਤੇ ''ਹਰ ਕੋਈ'' ਉਹਦੇ ਨਾਲ ਜੋ ਉਸ ਨਾਲ ਸਹਿਮਤ ਨਾ ਹੋਵੇ, ਧੀਰਜ ਵਿਖਾਏ।

**ਸਵਾਲ:** ਕੁਰਨੇਲਿਉਸ ਅਤੇ ਉਹਦੇ ਦੋਸਤਾਂ ਨੂੰ ''ਉਹੀ ਦਾਨ'' ਮਿਲਿਆ ਜੋ ਰਸੂਲਾਂ ਨੂੰ ਮਿਲਿਆ ਸੀ, ਤਾਂ ਭਲਾ ਉਨ੍ਹਾਂ ਨੂੰ ਉਹੀ ਸ਼ਕਤੀਆਂ ਵੀ ਮਿਲੀਆਂ? ਭਲਾ ਉਹ ਮੁਰਦਿਆਂ ਨੂੰ ਜ਼ਿੰਦਾ ਕਰ ਸਕਦੇ ਸਨ ਜਿਵੇਂ ਪਤਰਸ ਨੇ ਰਸੂਲਾਂ ਦੇ ਕੰਮ 9 ਅਧਿਆਇ ਵਿਚ ਜ਼ਿੰਦਾ ਕੀਤਾ ਸੀ? ਭਲਾ ਉਹ ਰਸੂਲਾਂ ਵਾਂਗ ਹੀ ਲੋਕਾਂ ਉੱਤੇ ਹਥ ਰੱਖ ਕੇ ਮੋਅਜਜ਼ੇ ਕਰਨ ਦੀ ਸ਼ਕਤੀ ਦੇ ਸਕਦੇ ਸਨ (ਰਸੂਲਾਂ ਦੇ ਕੰਮ 8:18)?

**ਜਵਾਬ:** ਇਸ ਬਾਰੇ ਲੂਕਾ ਨੇ ਦੱਸਿਆ ਨਹੀਂ। ਬਹੁਤ ਕੁਝ ਹੈ ਜੋ ਅਸੀਂ ਕੁਰਨੇਲਿਉਸ ਅਤੇ ਉਹਦੇ ਦੋਸਤਾਂ ਦੇ ਬਾਅਦ ਦੇ ਇਤਿਹਾਸ ਬਾਰੇ ਜਾਣਨਾ ਚਾਹੁੰਦੇ ਹਾਂ, ਪਰ ਪਵਿੱਤਰ ਆਤਮਾ ਨੂੰ ਨਹੀਂ ਲੱਗਾ ਕਿ ਸਾਡੇ ਲਈ ਉਨ੍ਹਾਂ ਨੂੰ ਜਾਣਨਾ ਜ਼ਰੂਰੀ ਹੈ। ਇਹ ਹੋ ਸਕਦਾ ਹੈ ਕਿ ਰਸੂਲਾਂ ਕੋਲ ਬਹੁਤ ਸਾਰੀਆਂ ਸ਼ਕਤੀਆਂ ਹੋਣ ਕਿਉਂਕਿ ਉਹ *ਰਸੂਲ* ਸਨ, ਨਾ ਕਿ ਇਸ ਕਰਕੇ ਕਿ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਮਿਲਿਆ ਸੀ। ਜੇ ਇਹ ਗੱਲ ਹੈ, ਤਾਂ ਕੁਰਨੇਲਿਉਸ ਅਤੇ ਉਹਦੇ ਪਰਿਵਾਰ ਦੇ ਲੋਕਾਂ ਨੂੰ ਉਹੀ ਸ਼ਕਤੀਆਂ ਨਹੀਂ ਮਿਲੀਆਂ ਸਨ। ਯਕੀਨਨ ਹੀ, ਕੁਰਨੇਲਿਉਸ ਅਤੇ ਹੋਰਨਾਂ ਨੂੰ *ਕੁਝ* ਚਮਤਕਾਰੀ ਯੋਗਤਾਵਾਂ ਮਿਲੀਆਂ ਸਨ। ਹੋਰ ਦਾਨਾਂ ਵਿਚ ਉਨ੍ਹਾਂ ਵਿੱਚੋਂ ਇਕ ਜਾਂ ਵੱਧ ਨੇ ਨਬੂਵਤ ਦਾ ਦਾਨ ਪਾਇਆ ਸੀ ਤਾਂ ਜੋ ਉਹ ਖ਼ੁਦਾ ਦੀ ਮਰਜ਼ੀ ਨੂੰ ਜਾਣ ਸਕਣ ਅਤੇ ਪਤਰਸ ਦੇ ਜਾਣ ਦੇ ਬਾਅਦ ਮੰਡਲੀ ਦੇ ਰੂਪ ਵਿਚ ਕੰਮ ਕਰਦੇ ਰਹਿਣ।

**ਸਵਾਲ:** ਕੀ ਕੁਰਨੇਲਿਉਸ *ਅਤੇ ਉਹਦੇ ਘਰਾਣੇ ਦੇ* ਬਪਤਿਸਮੇ ਤੋਂ ਇਹ ਸਾਬਤ ਹੁੰਦਾ ਹੈ

ਕਿ ''ਨਵਜੰਮਿਆਂ ਬੱਚਿਆਂ ਦਾ ਬਪਤਿਸਮਾ'' ਵਚਨ ਦੇ ਮੁਤਾਬਕ ਹੈ?

**ਜਵਾਬ:** ਨਹੀਂ। ਕਈ ਲੋਕਾਂ ਦਾ *ਖਿਆਲ* ਹੈ ਕਿ ਕੁਰਨੇਲਿਉਸ ਦੇ ਪਰਿਵਾਰ ਵਿਚ ਨਵਜੰਮੇ ਬੱਚੇ ਸਨ ਅਤੇ ਉਨ੍ਹਾਂ ਦਾ ਬਪਤਿਸਮਾ ਹੋਇਆ ਸੀ। ਪਰ ਕੁਰਨੇਲਿਉਸ ਦੇ ਪਰਿਵਾਰ ਵਿਚ ਬਪਤਿਸਮਾ ਲੈਣ ਵਾਲੇ ਸਭ ਲੋਕਾਂ ਨੇ ਪਹਿਲਾਂ ਵਚਨ *ਸੁਣਿਆ* (ਰਸੂਲਾਂ ਦੇ ਕੰਮ 10:33; 15:7), ਯਿਸੂ ਵਿਚ *ਵਿਸ਼ਵਾਸ ਕੀਤਾ* (ਰਸੂਲਾਂ ਦੇ ਕੰਮ 10:43; 15:7, 9) ਅਤੇ ਫਿਰ *ਤੌਬਾ ਕੀਤੀ* ਸੀ (ਰਸੂਲਾਂ ਦੇ ਕੰਮ 11:18)। ਬੱਚੇ ਇਨ੍ਹਾਂ ਸ਼ਰਤਾਂ ਨੂੰ ਪੂਰਾ ਨਹੀਂ ਕਰ ਸਕਦੇ।

# ਭੂਤਃ ਦੁਸ਼ਟ ਆਤਮਿਕ ਜੀਵ

ਆਪਣੀ ਨਿੱਜੀ ਸੇਵਕਾਈ ਦੇ ਸ਼ੁਰੂ ਵਿਚ ਮਸੀਹ ਦੇਸ਼ ਵਿਚ ਜਾ ਕੇ ''ਮਨਾਦੀ ਕਰਦਾ ਅਤੇ ਭੂਤਾਂ ਨੂੰ ਕੱਢਦਾ ਸੀ'' (ਮਰਕੁਸ 1:39)। ਬਾਰਾਂ ਚੇਲਿਆਂ ਨੂੰ ਸੀਮਤ ਆਗਿਆ (ਲਿਮਿਟਡ ਕਮਿਸ਼ਨ) ਦੇ ਕੇ ਭੇਜਦਿਆਂ, ਉਹਨੇ ''ਉਨ੍ਹਾਂ ਨੂੰ ਸਾਰਿਆਂ ਭੂਤਾਂ ਉੱਤੇ ਅਤੇ ਰੋਗਾਂ ਦੇ ਦੂਰ ਕਰਨ ਦੀ ਸ਼ਕਤੀ ਤੇ ਇਖ਼ਤਿਆਰ ਦਿੱਤਾ'' (ਲੂਕਾ 9:1)। ਸਵਰਗ ਉੱਤੇ ਉਠਾਏ ਜਾਣ ਤੋਂ ਥੋੜ੍ਹੀ ਦੇਰ ਪਹਿਲਾਂ, ਉਸ ਨੇ ਰਸੂਲਾਂ ਨਾਲ ਵਾਅਦਾ ਕੀਤਾ ਸੀ ਕਿ ਉਹ ''ਭੂਤਾਂ ਨੂੰ ਕੱਢਣਗੇ'' (ਮਰਕੁਸ 16:17)। ਰਸੂਲਾਂ ਦੇ ਕੰਮ ਕਿਤਾਬ ਵਿਚ ਕਈ ਵਿਰਤਾਂਤ ਹਨ ਜਿੱਥੇ ਰਸੂਲਾਂ ਨੇ ਬਦਰੂਹਾਂ ਜਾਂ ਭੂਤਾਂ ਨੂੰ ਕੱਢਿਆ (ਰਸੂਲਾਂ ਦੇ ਕੰਮ 5:16; 8:7; 16:16-18; 19:11, 12)।

ਉਦਾਰਵਾਦੀ ਵਿਦਵਾਨ ਭੂਤ ਚੰਬੜਨ ਦੀ ਗੱਲ ਤੋਂ ਇਹ ਕਹਿ ਕੇ ਇਨਕਾਰ ਕਰਦੇ ਹਨ ਕਿ ਦਿਮਾਗੀ ਬੀਮਾਰੀ ਨੂੰ ਹੀ ਅੰਧਵਿਸ਼ਵਾਸੀ ਲੋਕ ਭੂਤ ਚੰਬੜਨਾ ਮੰਨ ਲੈਂਦੇ ਹਨ। ਪਰ, ਪ੍ਰਮੇਸ਼ਵਰ ਦੀ ਪ੍ਰੇਰਣਾ ਪਾਏ ਹੋਏ ਵੈਦ ਲੂਕਾ ਨੇ ਜਿਸਮਾਨੀ ਬੀਮਾਰੀ ਅਤੇ ਭੂਤਾਂ ਅਰਥਾਤ ''ਬਦਰੂਹਾਂ ਦੇ ਸਤਾਏ'' ਹੋਣ ਵਿਚ ਫ਼ਰਕ ਕੀਤਾ।

''ਭੂਤ'' ਲਈ ਅੰਗ੍ਰੇਜ਼ੀ ਦਾ ਸ਼ਬਦ demon ਯੂਨਾਨੀ ਸ਼ਬਦ *daimonion* ਦਾ ਬਦਲਵਾਂ ਰੂਪ ਹੈ। (*KJV* ਵਿਚ *daimonion* ਦਾ ਅਨੁਵਾਦ ''devils'' ਕੀਤਾ ਗਿਆ ਹੈ ਜੋ ਉਲਝਾਉਣ ਵਾਲਾ ਹੈ ਕਿਉਂਕਿ ਸ਼ੈਤਾਨ [*diabolos*] ਇੱਕੋ ਹੀ ਹੈ।) ਭੂਤਾਂ ਨੂੰ ''ਅਸ਼ੁੱਧ ਆਤਮਾਵਾਂ'' ਜਾਂ ''ਬਦਰੂਹਾਂ'' ਕਿਹਾ ਜਾਂਦਾ ਹੈ। ਭੂਤਾਂ ਬਾਰੇ ਬਾਈਬਲ ਵਿਚ ਸਾਨੂੰ ਬਹੁਤ ਘੱਟ ਜਾਣਕਾਰੀ ਮਿਲਦੀ ਹੈ, ਪਰ ਅਨੁਮਾਨਾਂ ਦੀ ਘਾਟ ਨਹੀਂ ਹੈ (ਜਿਨ੍ਹਾਂ ਵਿੱਚੋਂ ਜ਼ਿਆਦਾਤਰ ਅੰਧਵਿਸ਼ਵਾਸ ਤੇ ਅਧਾਰਤ ਹਨ)। ਕਈ ਲੋਕਾਂ ਦਾ ਖ਼ਿਆਲ ਹੈ ਕਿ ਭੂਤ ਉਨ੍ਹਾਂ ਦੁਸ਼ਟ ਲੋਕਾਂ ਦੀਆਂ ਰੂਹਾਂ ਹਨ ਜੋ ਮਰ ਚੁੱਕੇ ਹਨ (ਜੋ ਕਿ ਲੂਕਾ 16 ਅਧਿਆਇ ਦੀ ਸਿੱਖਿਆ ਦੇ ਨਜ਼ਰੀਏ ਨਾਲ ਨਹੀਂ ਮਿਲਦਾ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਇਕ ਅਮੀਰ ਆਦਮੀ ਮਰ ਗਿਆ ਅਤੇ ਉਹ ਧਰਤੀ ਉੱਤੇ ਕਿਸੇ ਨਾਲ ਸੰਪਰਕ ਨਹੀਂ ਕਰ ਸਕਦਾ ਸੀ)। ਕਈ ਲੋਕਾਂ ਦਾ ਖ਼ਿਆਲ ਹੈ ਕਿ ਭੂਤ ਸਵਰਗ ਤੋਂ ਸੁੱਟੇ ਗਏ ਫ਼ਰਿਸ਼ਤੇ ਹਨ ਜਿਨ੍ਹਾਂ ਨੇ ਸ਼ੈਤਾਨ ਦੇ ਮਗਰ ਲੱਗ ਕੇ ਖ਼ੁਦਾ ਦੇ ਖ਼ਿਲਾਫ਼ ਬਗ਼ਾਵਤ ਕੀਤੀ ਸੀ। ਖ਼ੁਦਾ ਨੇ ਸਾਨੂੰ ਉਨ੍ਹਾਂ ਬਾਰੇ ਐਨਾ ਗਿਆਨ ਦੇਣਾ ਹੀ ਕਾਫ਼ੀ ਸਮਝਿਆ ਕਿ ਉਨ੍ਹਾਂ ਦਾ ਵਜੂਦ ਹੈ ਅਤੇ ਇਹ ਕਿ ਉਹ ਸ਼ੈਤਾਨ ਲਈ ਅਤੇ ਉਹਦੇ ਨਾਲ ਕੰਮ ਕਰਦੇ ਹਨ।

ਮੱਤੀ 12:22 ਤੋਂ 29 ਵਿਚ ਸ਼ੈਤਾਨ ਨੂੰ ''ਭੂਤਾਂ ਦਾ ਸਰਦਾਰ'' ਕਿਹਾ ਗਿਆ ਹੈ। ਸ਼ੈਤਾਨ ਨਾਲ ਕੰਮ ਕਰਦਿਆਂ, ਭੂਤ ਇਨਸਾਨਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕਰਦੇ ਹਨ, ਇਸੇ ਲਈ ਮੂਰਤੀਆਂ ਨੂੰ ਚੜ੍ਹਾਈਆਂ ਗਈਆਂ ਕੁਰਬਾਨੀਆਂ ਨੂੰ ਭੂਤਾਂ ਨੂੰ ਚੜ੍ਹਾਈਆਂ ਗਈਆਂ ਕੁਰਬਾਨੀਆਂ (1 ਕੁਰਿੰਥੀਆਂ 10:20; ਪ੍ਰਕਾਸ਼ ਦੀ ਪੋਥੀ 9:20) ਅਤੇ ਝੂਠੀ ਸਿੱਖਿਆ ਨੂੰ ਭੂਤਾਂ ਦੀ ਸਿੱਖਿਆ ਕਿਹਾ ਗਿਆ ਹੈ (1 ਤਿਮੋਥਿਉਸ 4:1)। ਭੂਤ ਪੌਲੁਸ ਦੁਆਰਾ ਦੱਸੇ ਰੂਹਾਨੀ ਦੁਸ਼ਮਣ ਦਾ ਹਿੱਸਾ (ਸ਼ਾਇਦ ਇਕ ਵੱਡਾ ਹਿੱਸਾ) ਹਨਃ ''ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖ਼ਤਿਆਰਾਂ ਅਤੇ ਅੰਧਕੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸਵਰਗੀ ਥਾਂਵਾਂ ਵਿਚ ਹਨ'' (ਅਫ਼ਸੀਆਂ 6:12)। ਅਖ਼ੀਰ

ਵਿਚ, ਭੂਤਾਂ ਨੂੰ ਸ਼ੈਤਾਨ ਅਤੇ ਉਸ ਦੇ ਮੰਨਣ ਵਾਲਿਆਂ ਨਾਲ ਨਰਕ ਵਿਚ ਸੁੱਟ ਦਿੱਤਾ ਜਾਵੇਗਾ (ਪ੍ਰਕਾਸ਼ ਦੀ ਪੋਥੀ 20:10, 15)।

ਭੂਤ ਚੰਬੜਨਾ (ਇਕ ਜਾਂ ਵੱਧ ਭੂਤਾਂ ਦੁਆਰਾ ਕਿਸੇ ਇਨਸਾਨ ਨੂੰ ਜਕੜ ਲੈਣਾ) ਮਸੀਹ ਅਤੇ ਰਸੂਲਾਂ ਦੇ ਸਮੇਂ ਤਕ ਸੀਮਤ ਸਮੇਂ ਦੀ ਗੱਲ ਸੀ। ਸਮੇਂ ਸਮੇਂ ਤੇ ਲਿਖਤ ਵਿਚ ਅਜਿਹੇ ਮੌਕੇ ਆਏ ਜਿੱਥੇ ਖ਼ੁਦਾ ਦੀ ਚਮਤਕਾਰੀ ਸ਼ਕਤੀ ਦੇ ਖ਼ਾਸ ਤੌਰ ਤੇ ਦਿੱਤੇ ਜਾਣ ਦੀ ਲੋੜ ਪਈ: ਸੰਸਾਰ ਅਤੇ ਮਨੁੱਖ ਦੀ ਸਿਰਜਣਾ, ਇਕ ਖ਼ਾਸ ਕੌਮ ਦੀ ਸਿਰਜਣਾ (ਮੂਸਾ ਅਤੇ ਯਹੋਸ਼ੁਆ ਦੇ ਸਮੇਂ), ਉਸ ਕੌਮ ਨੂੰ ਸੁਧਾਰਣ ਦੀ ਕੋਸ਼ਿਸ਼ (ਏਲੀਆਹ ਅਤੇ ਅਲੀਸ਼ਾ ਦੇ ਸਮੇਂ), ਖ਼ੁਦਾ ਦੇ ਨਵੇਂ ਲੋਕਾਂ ਦੀ ਸਿਰਜਣਾ (ਮਸੀਹ ਅਤੇ ਰਸੂਲਾਂ ਦੇ ਸਮੇਂ)। ਜਦ ਵੀ ਖ਼ੁਦਾ ਨੇ ਆਪਣੇ ਮੰਨਣ ਵਾਲਿਆਂ ਨੂੰ ਮੋਅਜਜ਼ੇ ਕਰਨ ਦੀ ਅਸੀਮਤ ਸ਼ਕਤੀ ਦਿੱਤੀ, ਸਾਫ਼ ਹੈ ਕਿ ਸ਼ੈਤਾਨ ਅਤੇ ਉਹਦੇ ਮੰਨਣ ਵਾਲਿਆਂ ਨੂੰ ਵੀ *ਸੀਮਤ* ਚਮਤਕਾਰੀ ਸ਼ਕਤੀ ਦੀ ਇਜਾਜ਼ਤ ਮਿਲੀ। (ਪੁਰਾਣੇ ਨੇਮ ਵਿੱਚੋਂ ਇਕ ਉਦਾਹਰਣ ਲਈ, ਮੂਸਾ ਅਤੇ ਫ਼ਿਰੌਨ ਦੇ ਜਾਦੂਗਰਾਂ ਦੀ ਕਹਾਣੀ ਵੇਖੋ [ਕੂਚ 7:10-12, 20, 22; 8:6, 7, 17-19])। ਜਦ ਖ਼ਾਸ ਮੌਕਾ ਨਿੱਕਲ ਗਿਆ ਤਾਂ ਮੋਅਜਜ਼ੇ ਕਰਨ ਦੀ ਯੋਗਤਾ ਨਾ ਸਿਰਫ਼ ਖ਼ੁਦਾ ਦੇ ਮੰਨਣ ਵਾਲਿਆਂ ਲਈ ਸਗੋਂ ਸ਼ੈਤਾਨ ਅਤੇ ਉਹਦੇ ਸਾਥੀਆਂ ਲਈ ਵੀ ਜਾਂਦੀ ਰਹੀ।

ਨਵੇਂ ਨੇਮ ਵਿਚ ਸਾਨੂੰ ਸ਼ੈਤਾਨ ਅਤੇ ਉਹਦੀਆਂ ਸ਼ਕਤੀਆਂ ਦੇ ਅਸਰ ਤੋਂ ਚੌਕਸ ਰਹਿਣ ਦੀ ਦੀ ਚਿਤਾਵਨੀ ਤਾਂ ਦਿੱਤੀ ਜਾਂਦੀ ਹੈ, ਪਰ ਸ਼ੈਤਾਨ ਜਾਂ ਭੂਤਾਂ ਵੱਲੋਂ ਕਿਸੇ ਨੂੰ ਉਹਦੀ ਮਰਜ਼ੀ ਦੇ ਖ਼ਿਲਾਫ਼ ਸਤਾਏ ਜਾਣ ਦੀ ਗੱਲ ਘੱਟ ਤੋਂ ਘੱਟ ਹੁੰਦੀ ਦੱਸੀ ਗਈ ਹੈ। ਮਸੀਹੀ ਲੋਕਾਂ ਦੇ ਨਾਂਅ ਲਿਖੀਆਂ ਗਈਆਂ ਪੱਤਰੀਆਂ ਵਿਚ, ਭੂਤਾਂ ਵੱਲੋਂ ਕਿਸੇ ਨੂੰ ਸਤਾਏ ਜਾਣ ਦਾ ਜ਼ਿਕਰ ਨਹੀਂ ਹੈ ਅਤੇ ਯਾਕੂਬ ਤਾਂ ਇੱਥੋਂ ਤਕ ਕਹਿੰਦਾ ਹੈ ਕਿ ''ਸ਼ੈਤਾਨ ਦਾ ਸਾਹਮਣਾ ਕਰੋ ਤਾਂ ਉਹ ਤੁਹਾਡੇ ਕੋਲੋਂ ਭੱਜ ਜਾਵੇਗਾ'' (ਯਾਕੂਬ 4:7)। ਇਹਦਾ ਮਤਲਬ ਇਹ ਨਹੀਂ ਕਿ ਸ਼ੈਤਾਨ ਅਤੇ ਉਹਦੇ ਭੂਤ ਹੁਣ ਸੌਂ ਗਏ ਹਨ। ਇਹਦਾ ਮਤਲਬ ਇਹ ਵੀ ਨਹੀਂ ਕਿ ਭੂਤ ਹੁਣ ਕਿਸੇ ਨੂੰ ਆਪਣੇ ਵੱਸ ਵਿਚ ਨਹੀਂ ਕਰ ਸਕਦੇ ਅਤੇ ਉਸ ਆਦਮੀ ਦੀ ਮਰਜ਼ੀ ਦੇ ਖ਼ਿਲਾਫ਼ ਕੰਮ ਨਹੀਂ ਕਰਵਾ ਸਕਦੇ। ਜੇ ਸ਼ੈਤਾਨ ਅਤੇ ਉਹਦੇ ਭੂਤਾਂ ਦਾ ਮੇਰੀ ਅਤੇ ਤੁਹਾਡੀ ਜ਼ਿੰਦਗੀ ਵਿਚ ਜ਼ਰਾ ਜਿੰਨ ਵੀ ਪ੍ਰਭਾਵ ਹੈ ਤਾਂ ਉਹ ਇਸ ਲਈ ਹੈ ਕਿਉਂਕਿ ਅਸੀਂ ਉਨ੍ਹਾਂ ਨੂੰ ਆਪਣੇ ਉੱਪਰ ਹਾਵੀ ਹੋਣ ਦੀ ਇਜਾਜ਼ਤ ਦਿੰਦੇ ਹਾਂ। ਅੱਜ ਸਾਨੂੰ ਭੂਤ ਉਵੇਂ ਨਹੀਂ ਚੰਬੜਦੇ ਜਿਵੇਂ ਉਨ੍ਹਾਂ ਦਾ ਵਜੂਦ ਨਵੇਂ ਨੇਮ ਦੇ ਸਮੇਂ ਵਿਚ ਸੀ।

# ਅਰਥਾਵਲੀ

**ਸੰਤ** (*hagios*)-ਨਵੇਂ ਨੇਮ ਵਿਚ ਕਿਸੇ ਮਸੀਹੀ ਲਈ ''ਸੰਤ'' ਸ਼ਬਦ ਬਹੁਤ ਵਾਰ ਵਰਤਿਆ ਗਿਆ ਹੈ (ਰਸੂਲਾਂ ਦੇ ਕੰਮ 9:13, 32, 41; 26:10)। ਇਕ ਆਦਮੀ ਤੇ ਲਾਗੂ ਕਰਨ ਤੇ ਯੂਨਾਨੀ ਸ਼ਬਦ ਦੇ ਅਨੁਵਾਦ ''ਸੰਤ'' ਦਾ ਪਾਪ ਰਹਿਤ ਸਿੱਧਤਾ ਨਾਲ ਕੋਈ ਸਬੰਧ ਨਹੀਂ ਹੈ (ਕੁਰਿੰਥੁਸ ਦੇ ਮਸੀਹੀ ਲੋਕ ਸਿੱਧ ਹੋਣ ਤੋਂ ਕੋਹਾਂ ਦੂਰ ਸਨ, ਪਰ ਉਹ ''ਸੰਤ'' ਸਨ [1 ਕੁਰਿੰਥੀਆਂ 1:2; 2 ਕੁਰਿੰਥੀਆਂ 1:1])। ਯੂਨਾਨੀ ਸ਼ਬਦ ਦਾ ਸ਼ਬਦੀ ਅਰਥ ''ਵੱਖ ਕੀਤਾ ਹੋਇਆ'' ਹੈ। ਇਹਦਾ ਅਨੁਵਾਦ ''ਸੰਤ'' ਜਾਂ ''ਪਵਿੱਤਰ'' ਕੀਤੇ ਹੋਏ ਵੀ ਹੋ ਸਕਦਾ ਹੈ। ਇਸ ਤਰ੍ਹਾਂ ਸਾਨੂੰ ਮਸੀਹੀ ਬਣਨ ਤੇ ਖ਼ੁਦਾ ਵੱਲੋਂ ਉਹਦੀ ਸੇਵਾ ਲਈ ਵੱਖ ਕੀਤਾ ਜਾਂਦਾ ਹੈ। ਇਕ ਹੋਰ ਅਰਥ ਵਿਚ, ਪਵਿੱਤਰ ਕੀਤਾ ਜਾਣਾ (1 ਥੱਸਲੁਨੀਕੀਆਂ 5:23) ਚੱਲਦੇ ਰਹਿਣ ਵਾਲੀ ਪ੍ਰਕ੍ਰਿਆ ਹੈ ਕਿਉਂਕਿ ਅਸੀਂ ਆਪਣੀ ''ਪਵਿੱਤਰ ਬੁਲਾਹਟ'' ਦੇ ਮੁਤਾਬਕ ਜ਼ਿੰਦਗੀ ਗੁਜ਼ਾਰਨ ਦੀ ਕੋਸ਼ਿਸ਼ ਕਰਦੇ ਹਾਂ (2 ਤਿਮੋਥਿਉਸ 1:9)।

**ਸਮਾਜ** (*sunagoge*)-''ਸਮਾਜ'' ਲਈ ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ ''synagogue'' ''ਅਗਵਾਈ ਕਰਨਾ'' (*ego*) ਲਈ ਸ਼ਬਦ ਦੇ ਨਾਲ ''ਨਾਲ'' (*sun*) ਉਪਸਰਗ ਵਾਲੇ ਮਿਸ਼ਰਤ ਸ਼ਬਦ ਤੋਂ ਲਿਆ ਗਿਆ ਹੈ। ਆਪਣੇ ਮੂਲ ਅਰਥ ਵਿਚ, ਇਹ *ekklesia* ਵਾਂਗ ਹੀ ਹੈ ਅਤੇ ਇਕ ਵਾਰ ਇਹਦੀ ਵਰਤੋਂ ਮਹੀਹੀ ਮੰਡਲੀ ਲਈ ਕੀਤੀ ਗਈ ਹੈ (ਯਾਕੂਬ 2:2 ਵਿਚ, ''ਸਮਾਜ'' ਸ਼ਬਦ *sunagoge* ਦਾ ਹੀ ਅਨੁਵਾਦ ਹੈ)। ਨਵੇਂ ਨੇਮ ਵਿਚ, ਇਸ ਸ਼ਬਦ ਦੀ ਵਰਤੋਂ ਆਮ ਤੌਰ ਤੇ ਯਹੂਦੀਆਂ ਦੇ ਬੰਦਗੀ ਦੇ ਥਾਂ ਅਤੇ/ਜਾਂ ਬਦਗੀ ਲਈ ਯਹੂਦੀ ਸਭਾ ਲਈ ਕੀਤੀ ਗਈ ਹੈ [ਹਿੰਦੀ ਬਾਈਬਲ ਵਿਚ ਇਹਦਾ ਅਨੁਵਾਦ ''ਆਰਾਧਨਾਲਯ'' ਹੋਇਆ ਹੈ-ਅਨੁਵਾਦਕ]। ਰਵਾਇਤ ਮੁਤਾਬਕ, ਸਿਨਾਗੋਗ ਦੀ ਸ਼ੁਰੂਆਤ ਬਾਬੁਲ ਦੀ ਗੁਲਾਮੀ ਸਮੇਂ ਹੋਈ ਸੀ ਜਦ ਯਹੂਦੀ ਲੋਕ ਬੰਦਗੀ ਲਈ ਹੈਕਲ ਵਿਚ ਨਹੀਂ ਜਾ ਸਕਦੇ ਸਨ। ਯਹੂਦੀ ਲੋਕ ਸਿਨਾਗੋਗ ਨੂੰ ਹੈਕਲ ਦੇ ਬਰਾਬਰ ਪਵਿੱਤਰ ਨਹੀਂ ਮੰਨਦੇ ਸਨ, ਪਰ ਸਿਨਾਗੋਗ ਵਿਚ ਕੀਤੀ ਗਈ ਬੰਦਗੀ ਹੈਕਲ ਵਿਚ ਕੀਤੀ ਗਈ ਬੰਦਗੀ ਨਾਲ ਮਿਲਾਈ ਜਾਂਦੀ ਹੈ (ਲੂਕਾ 6 ਅਤੇ ਰਸੂਲਾਂ ਦੇ ਕੰਮ 13 ਅਧਿਆਇ ਵਿਚ ਸਮਾਜ ਜਾਂ ਸਿਨਾਗੋਗ ਵਿਚ ਬੰਦਗੀ ਦੇ ਸੰਖੇਪ ਹਵਾਲੇ ਮਿਲਦੇ ਹਨ)। ਸਿਨਾਗੋਗਾਂ ਦੇ ਆਗੂਆਂ ਨੂੰ ਆਮ ਤੌਰ ਤੇ ''ਐਲਡਰ'' ਕਿਹਾ ਜਾਂਦਾ ਸੀ। ਬੰਦਗੀਆਂ ਦੇ ਇਲਾਵਾ ਸਿਨਾਗੋਗ ਦੀ ਈਮਾਰਤ ਦੀ ਵਰਤੋਂ ਯਹੂਦੀ ਮੁੰਡਿਆਂ ਨੂੰ ਪੜ੍ਹਾਉਣ ਲਈ ਜਮਾਤ ਦੇ ਰੂਪ ਵਿਚ ਕੀਤੀ ਜਾਂਦੀ ਸੀ। ਸਿਨਾਗੋਗ ਸ਼ੁਰੂ ਕਰਨ ਲਈ, ਦਸ ਯਹੂਦੀ ਆਦਮੀ (ਜੋ ਸਿਨਾਗੋਗ ਦੇ ਕੰਮ ਲਈ ਵਕਤ ਦੇ ਸਕਦੇ ਹੋਣ) ਜ਼ਰੂਰੀ ਹੁੰਦੇ ਸਨ।

**ਸਾਮਰੀ**-ਸਾਮਰੀ ਕੌਮ ਅਸ਼ੂਰ ਦੀ ਗੁਲਾਮੀ ਦਾ ਨਤੀਜਾ ਸੀ। 722 ਈ.ਪੂ. ਵਿਚ, ਅਸ਼ੂਰ ਦੇ ਲੋਕ ਉੱਤਰੀ ਕਨਾਨ ਤੋਂ ਹਜ਼ਾਰਾਂ ਯਹੂਦੀਆਂ ਨੂੰ ਗੁਲਾਮ ਬਣਾ ਕੇ ਲੈ ਗਏ ਪਰ ਕੁਝ ਕ ਦੇਸ਼ ਵਿਚ ਰਹਿ ਗਏ। ਅਸ਼ੂਰੀ ਹਾਕਮ ਨੇ ਦੇਸ਼ ਨੂੰ ਫੇਰ ਤੋਂ ਵਸੋਣ ਲਈ ਬਾਬੁਲ, ਹਮਾਥ ਅਤੇ ਅਰਬ ਤੋਂ ਉਪਨਿਵੇਸ਼ਕਾਂ ਨੂੰ ਭੇਜਿਆ (2 ਰਾਜਿਆਂ 17:24-26; ਅਜ਼ਰਾ 4:2)। ਅਤੇ ਇਨ੍ਹਾਂ ਉਪਨਿਵੇਸ਼ਕਾਂ ਨੇ ਯਹੂਦੀਆਂ ਨਾਲ ਆਪਸ ਵਿਚ ਵਿਆਹ ਕਰ ਲਏ। ਨਤੀਜੇ ਵੱਜੋਂ ਉਨ੍ਹਾਂ ਤੋਂ

ਪੈਦਾ ਹੋਣ ਵਾਲੀ ਔਲਾਦ ਸਾਮਰੀ ਅਖ਼ਵਾਈ, ਜਿਹਦੇ ਲੋਕ ਕੁਝ ਕੁ ਯਹੂਦੀ ਅਤੇ ਕੁਝ ਕੁ ਗੈਰ ਕੌਮ ਸਨ। ਜਦ 538 ਈ.ਪੂ. ਵਿਚ ਯਹੂਦੀ ਲੋਕ ਬਾਬੁਲ ਦੀ ਗੁਲਾਮੀ ਤੋਂ ਫ਼ਲਸਤੀਨ ਵਿਚ ਵਾਪਸ ਆਏ, ਤਾਂ ਉਹ ਆਪਣਗੀ ਕੌਮੀ ਸ਼ੁੱਧਤਾ ਤੇ ਫ਼ਖ਼ਰ ਕਰਦੇ ਸਨ ਅਤੇ ਸਾਮਰੀਆਂ ਨੂੰ ਨੀਚ ਮੰਨਦੇ ਸਨ। ਸਾਮਰੀਆਂ ਨੇ ਯਹੂਦੀਆਂ ਨੂੰ ਮੁੜ ਵਸੇਬੇ ਲਈ ਮਦਦ ਦੀ ਪੇਸ਼ਕਸ਼ ਕੀਤੀ, ਪਰ ਯਹੂਦੀਆਂ ਨੇ ਉਨ੍ਹਾਂ ਦੀ ਮਦਦ ਲੈਣ ਤੋਂ ਇਨਕਾਰ ਕਰ ਦਿੱਤਾ। ਫਿਰ ਸਾਮਰੀਆਂ ਨੇ ਗਿਰਾਜ਼ੀਮ ਪਹਾੜ ਉੱਤੇ ਬੰਦਗੀ ਕਰਨ ਲਈ ਆਭਣਾ ਵੱਖਰਾ ਥਾਂ ਬਣਾ ਲਿਆ (ਯੂਹੰਨਾ 4:20)। ਸਾਮਰੀ ਲੋਕ ਪੁਰਾਣੇ ਨੇਮ ਦੀਆਂ ਪਹਿਲੀਆਂ ਪੰਜ ਕਿਤਾਬਾਂ ਨੂੰ ਹੀ ਧਰਮ ਪੁਸਤਕ ਦੇ ਰੂਪ ਵਿਚ ਮੰਨਦੇ ਸਨ, ਜੋ ਯਰੂਸ਼ਲ ਦਾ ਜ਼ਿਕਰ ਬੰਦਗੀ ਵਾਲੀ ਥਾਂ ਦੇ ਰੂਪ ਵਿਚ ਨਹੀਂ ਕਰਦੀਆਂ।

**ਕੁਫ਼ਰ** (*blasphemia*)-''ਕੁਫ਼ਰ'' ਦਾ ਮੂਲ ਅਰਥ ''ਹੱਤਕ ਕਰਨਾ'' ਹੈ। ਨਵੇਂ ਨੇਮ ਵਿਚ ਇਹਦੀ ਵਰਤੋਂ ਖ਼ਾਸ ਤੌਰ ਤੇ ਖ਼ੁਦਾ, ਮਸੀਹ ਜਾਂ ਪਵਿੱਤਰ ਆਤਮਾ ਦੀ ਹੱਤਕ ਦੀਆਂ ਗੱਲਾਂ ਲਈ ਕੀਤੀ ਗਈ ਹੈ। ਵਿਹਾਰਕ ਅਰਥ ਵਿਚ ''ਰੂਹਾਨੀ ਗੱਲਾਂ [ਹਲਕੇਪਣ ਨਾਲ, ਰੁੱਖੇ ਢੰਗ ਨਾਲ] ਗੁਸਤਾਖ਼ੀ ਨਾਲ ਬੋਲਣਾ।'' ਜਦ ਯਿਸੂ ਨੇ ਕਿਹਾ ਕਿ ਉਹ ਖ਼ੁਦਾ ਦਾ ਬੇਟਾ ਹੈ, ਤਾਂ ਵਿਸ਼ਵਾਸ ਨਾ ਕਰਨ ਵਾਲੇ ਯਹੂਦੀਆਂ ਵੱਲੋਂ ਇਸ ਨੂੰ ਕੁਫ਼ਰ ਮੰਨਿਆ ਗਿਆ (ਯੂਹੰਨਾ 10:33; ਮੱਤੀ 26:65)। ਸ਼ਰ੍ਹਾ ਦੇ ਅਧੀਨ ਕੁਫ਼ਰ ਦੀ ਸਜ਼ਾ ਮੌਤ ਸੀ।

**ਗ੍ਰੰਥੀ** (*grammateus*)-ਯੂਨਾਨੀ ਸ਼ਬਦ ਦੇ ਅਨੁਵਾਦ ''ਗ੍ਰੰਥੀ'' ਦਾ ਮੂਲ ਅਰਥ ਹੈ ''ਲਿਖਣ ਵਾਲਾ।'' ਪੁਰਾਣੇ ਨੇਮ ਵਿਚ, ''ਗ੍ਰੰਥੀ'' ਸ਼ਬਦ ਆਮ ਤੌਰ ਤੇ ਮਹੱਤਵਪੂਰਣ ਘਟਨਾਵਾਂ (ਜਿਸ ਵਿਚ ਰਾਜਿਆਂ ਦੀਆਂ ਗੱਲਾਂ ਵੀ ਸ਼ਾਮਲ ਹੁੰਦੀਆਂ ਸਨ) ਨੂੰ ਲਿਖਣ ਲਈ ਜ਼ਿੰਮੇਵਾਰ ਆਦਮੀ ਨੂੰ ਕਿਹਾ ਜਾਂਦਾ ਸੀ। ਨਵੇਂ ਨੇਮ ਵਿਚ ਇਹ ਸ਼ਬਦ ਧਾਰਮਿਕ ਆਗੂਆਂ ਦੇ ਇਕ ਗੁੱਟ ਲਈ ਵਰਤਿਆ ਜਾਣ ਲੱਗਿਆ (ਜਿਹਦੀ ਸ਼ੁਰੂਆਤ, ਯਹੂਦੀ ਰਵਾਇਤ ਮੁਤਾਬਕ, ਅਜ਼ਰਾ ਤੋਂ ਹੋਈ ਸੀ [ਅਜ਼ਰਾ 7:6])। ਗ੍ਰੰਥੀਆਂ ਦੇ ਮਹੱਤਵਪੂਰਣ ਕੰਮ ਪੁਰਾਣੇ ਨੇਮ ਦੀ ਲਿਖਤ ਦੀਆਂ ਨਕਲਾਂ ਤਿਆਰ ਕਰਨ ਕਰਕੇ, ਉਨ੍ਹਾਂ ਨੂੰ ਸ਼ਰ੍ਹਾ ਦੇ ਆਲਮ ਮੰਨਿਆ ਜਾਂਦਾ ਸੀ। ਬਹਤੁ ਸਾਰੇ ਗ੍ਰੰਥੀ ਫ਼ਰੀਸੀ ਸਨ (''ਰਸੂਲਾਂ ਦੇ ਕੰਮ, ਭਾਗ 1'' ਵਿਚ ਵੇਖੋ ''ਫ਼ਰੀਸੀ'')।

**ਚੇਲਾ** (*mathetes*)-ਯੂਨਾਨੀ ਸ਼ਬਦ ਦੇ ਅਨੁਵਾਦ ''ਚੇਲਾ'' ਦਾ ਮੂਲ ਅਰਥ ਹੈ ''ਸਿੱਖਣ ਵਾਲਾ, ਸ਼ਗਿਰਦ।'' ਨਵੇਂ ਨੇਮ ਦੇ ਸਮੇਂ ਵਿਚ ਵਿਦਿਆਰਥੀ ਆਮ ਤੌਰ ਤੇ ਆਪਣੇ ਗੁਰੂ ਦੀ ਸਿੱਖਿਆ ਸੁਣਨ ਲਈ ਥਾਂ ਥਾਂ ਉਹਦੇ ਪਿੱਛੇ ਜਾਂਦਾ ਸੀ ਜਿਸ ਕਰਕੇ ਇਸ ਸ਼ਬਦ ਵਿਚ ''ਪੈਰੋਕਾਰ'' ਅਤੇ ''ਨਕਲ ਕਰਨ ਵਾਲਾ'' ਦੀ ਵੀ ਗੱਲ ਹੈ।

**ਡੀਕਨ** (*diakonos*)-''ਡੀਕਨ'' ਸ਼ਬਦ ਦਾ ਮੂਲ ਅਰਥ ''ਦਾਸ'' ਜਾਂ ''ਸੇਵਕ'' ਹੈ। ਨਵੇਂ ਨੇਮ ਵਿਚ ਕਿਸੇ ਵੀ ਸੇਵਾ ਕਰਨ ਵਾਲੇ ਲਈ ਇਸ ਸ਼ਬਦ ਦੀ ਵਰਤੋਂ ਸਧਾਰਣ ਅਰਥ ਵਿਚ ਨਾਂਵ ਜਾਂ ਕ੍ਰਿਆ ਰੂਪਾ ਵਿਚ ਹੋਈ ਹੈ: ਮਾਰਥਾ (ਲੂਕਾ 10:40), ਮਰਕੁਸ (2 ਤਿਮੋਥਿਉਸ 4:11), ਫ਼ਰਿਸ਼ਤੇ (ਇਕਬਾਨੀਆਂ 1:14) ਅਤੇ ਪ੍ਰਚਾਰਕ (2 ਤਿਮੋਥਿਉਸ 4:5)। ਕਈ ਵਾਰ ਇਸ ਸ਼ਬਦ ਦੀ ਵਰਤੋਂ ਕਿਸੇ ਵਿਅਕਤੀ ਲਈ ਖ਼ਾਸ ਅਰਥ ਵਿਚ ਕੀਤੀ ਜਾਂਦੀ ਸੀ ਜੋ ਕਲੀਸੀਆ ਵਿਚ ''ਡੀਕਨ'' ਦੀ ਪਦਵੀ (ਕੰਮ) ਤੇ ਹੁੰਦਾ ਸੀ। ਇਸ ਅਹੁਦੇ ਲਈ ਯੋਗਤਾਵਾਂ 1 ਤਿਮੋਥਿਉਸ 3:8-13 ਵਿਚ ਦਿੱਤੀਆਂ ਗਈਆਂ ਹਨ। ਅਜਿਹੇ ਅਹੁਦੇ ਤੋਂ ਸੰਕੇਤ ਮਿਲਦਾ ਹੈ ਕਿ ਡੀਕਨ ਦਾ ਕੰਮ ਅਗਵਾਈ ਕਰਨਾ ਨਹੀਂ ਸਗੋਂ ਸੇਵਾ ਕਰਨਾ ਹੈ। ਨਵੇਂ ਨੇਮ ਵਿਚ,

ਕਲੀਸੀਆ ਦੀ ਨਿਗਰਾਨੀ ਦਾ ਕੰਮ ਐਲਡਰ ਕਰਦੇ ਸਨ ਅਤੇ ਡੀਕਨ ਉਹਨ੍ਹਾਂ ਦੇ ਅਧੀਨ ਕਰ ਕਰਦੇ ਸਨ। (ਅਗਲੇ ਇਕ ਭਾਗ ਵਿਚ ਵੇਖੋ ''ਐਲਡਰ'')।

**ਪ੍ਰਮੇਸ਼ਵਰ ਦਾ ਭੌ ਕਰਨ ਵਾਲਾ**-ਨਵੇਂ ਨੇਮ ਵਿਚ ''ਪ੍ਰਮੇਸ਼ਵਰ ਦਾ ਭੌ ਮੰਨਣ ਵਾਲਾ'' ਸ਼ਬਦ ਕਈ ਵਾਰ ਯਹੂਦੀਆਂ ਲਈ ਅਤੇ ਕਈ ਵਾਰ ਮਸੀਹੀ ਲੋਕਾਂ ਲਈ ਵਰਤਿਆ ਗਿਆ ਹੈ। ਰਸੂਲਾਂ ਦੇ ਕੰਮ ਕਿਤਾਬ ਵਿਚ ਆਮ ਤੌਰ ਤੇ ਇਹਦੀ ਵਰਤੋਂ ਖ਼ਾਸ ਅਰਥ ਵਿਚ ਕੀਤੀ ਗਈ ਹੈ। ਕਿਸੇ ਗੈਰ ਕੌਮ ਨੂੰ ਜੋ ਸੱਚੇ ਖ਼ੁਦਾ ਵਿਚ ਵਿਸ਼ਵਾਸ ਰੱਖਦਾ ਅਤੇ ਬੰਦਗੀਆਂ ਵਿਚ ਹਿੱਸਾ ਲੈਂਦਾ ਸੀ, ਪਰ ਉਹਨੇ ਯਹੂਦੀ ਧਰਮ ਕਬੂਲ ਨਹੀਂ ਕੀਤਾ ਸੀ, ''ਪ੍ਰਮੇਸ਼ਵਰ ਦਾ ਭੌ ਮੰਨਣ ਵਾਲਾ'' ਮੰਨਿਆ ਜਾਂਦਾ ਸੀ (''ਰਸੂਲਾਂ ਦੇ ਕੰਮ, ਭਾਗ 1'' ਵਿਚ ਵੇਖੋ ''ਯਹੂਦੀ ਮੁਰੀਦ'')।